ISSN 0972-2335

# ਅੰਮ੍ਰਿਤ ਕੀਰਤਨ



**ਖਿਆਲ ਪਾਤਿਸ਼ਾਹੀ ੧੦॥**

ਮਿਤ੍ਰ ਪਿਆਰੇ ਨੂੰ
ਹਾਲ ਮੁਰੀਦਾਂ ਦਾ ਕਹਿਣਾ ॥

ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਿਣਾ ॥

ਸੂਲ ਸੁਰਾਹੀ ਖੰਜਰੁ ਪਿਆਲਾ
ਬਿੰਗ ਕਸਾਈਆਂ ਦਾ ਸਹਿਣਾ ॥

ਯਾਰੜੇ ਦਾ ਸਾਨੂੰ ਸੱਥਰੁ ਚੰਗਾ
ਭੱਠ ਖੇੜਿਆਂ ਦਾ ਰਹਿਣਾ ॥




ਨਵੇਂ ਸਾਲ ਦੀਆਂ ਵਧਾਈਆਂ

ਸੰਪਾਦਕ
ਡਾ. ਜਾਗੀਰ ਸਿੰਘ

ਜਨਵਰੀ 2023

ਮੁੱਲ 15/-



## ਬੇਬਸੀ

ਕੀ ਆਖਾਂ ਕੀ ਆਖਣ ਜੋਗੀ,
ਕੁਝ ਨ ਮੇਰੇ ਪੱਲੇ ।

ਮਨ ਦੀਆਂ ਗੱਲਾਂ ਮਨ ਵਿਚ ਰਹਿਵਣ,
ਧੁੱਖ ਧੁੱਖ ਸੀਨਾ ਬੱਲੇ।

ਮੂੰਹ-ਤੂੰਹ ਕੁਝ ਆਖ ਨ ਸੱਕਾਂ,
ਚੁੱਪ ਚਪੀਤੀ ਰਹਿੰਦੀ।

ਜਗ ਲਈ ਮੈਂ ਹਾਸਾ ਬਣ ਗਈ,
ਕਹਿੰਦੇ ਬੱਲੇ ਬੱਲੇ।

**ਪੁਸਤਕ - ਗੁੱਝੀਆਂ ਰਮਜਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ

**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ. ਡੀ**

**ਸਹਿਯੋਗੀ**

ਸ. ਹਰਭਜਨ ਸਿੰਘ ਅਤੇ ਸ. ਨਵਤੇਜ ਸਿੰਘ


▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: ੪/੮/੯੦ ਮਿਤੀ ੨੦/੨/੯੧ ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

**ਚੰਦੇ ਦਾ ਵੇਰਵਾ**

- ▲ ਦੇਸ਼: ਇਕ ਕਾਪੀ : 15 ਰੁਪਏ
- ▲ ਦੇਸ਼ ਸਾਲਾਨਾ ਚੰਦਾ : 150 ਰੁਪਏ
- ▲ ਜੀਵਨ ਮੈਂਬਰ ਚੰਦਾ: 1500 ਰੁਪਏ
- ▲ ਵਿਦੇਸ਼ : ਸਲਾਨਾ ਚੰਦਾ INR1500
- ▲ 'ਅੰਮ੍ਰਿਤ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ-ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:-


ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)

422, ;eNo 15-J, uvhrV 160 015

ਫੋਨ : 0172-2772660, 098140 53630

e-mail: drjagirsingh@gmail.com

Website : http://www.amritkirtan.com



ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼ ਸ਼ੋਅਰੂਮ ਨੰ: 443, ਮਟੌਰ, ਸੈਕਟਰ 70, ਮੁਹਾਲੀ (ਫੋਨ :0172-4782705, 98150-72197) ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।


## fJ; nle ftu


ਬੇਬਸੀ
ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ — ਟਾ-2

ਸੰਪਾਦਕੀ : ਕਰਉ ਬੇਨੰਤੀਆ -
ਬਿਰਖ ਬਸੇਰੋ ਪੰਖਿ ਕੋ — 2

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਇਕੋ ਧੁਨ
ਗੁਰਮਤਿ ਰਾਗਾਂਜਲੀ
ਡਾ. ਗੁਰਦੇਵ ਸਿੰਘ — 5

ਗੁਰਮਤਿ ਸੰਗੀਤ ਦੀ ਲੋਕ ਅਤੇ
ਸ਼ਾਸਤਰੀ ਸੰਗੀਤ ਸ਼ੈਲੀ
ਕੁਲਵਿੰਦਰ ਕਮਲ — 7

Celestial Music-Anhad Naad Gurbani's Perspective
S. Baljeet Singh — 13

ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ
ਸਿਮ੍ਰਤੀ ਸਮਾਰੋਹ
ਡਾ. ਅਲੰਕਾਰ ਸਿੰਘ — 17

ਤਿੰਨ ਤਾਲ ਕਾਇਦਾ ਸੀਰੀਜ
ਪ੍ਰੋਫੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ ਪੰਜਾਬ ਘਰਾਣਾ) — 20


Donations to **AMRIT KIRTAN TRUST** are eligible for relief u/s 80 G of Income-Tax Act, 1961 (43 of 1961) vide CIT/-I/ CHD/ Tech./ 80-G/ 2008-939 dated 19-05-2008 valid upto 31/03/2012 and now valid in perpetuity, Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are : **AMRIT KIRTAN TRUST** Saving Bank A/c No. 65079603302, IFSC : SBIN0018141 in the State Bank of India, Phase 3B2, Mohali Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਕਰਉ ਬੇਨੰਤੀਆ

## ਬਿਰਖ ਬਸੇਰੋ ਪੰਖਿ ਕੋ

ਸਿੱਖ ਜਗਤ ਦੇ ਬਹੁਤ ਚਰਚਿਤ ਕੀਰਤਨੀਏ ਪ੍ਰੋਫੈਸਰ ਦਰਸ਼ਨ ਸਿੰਘ ਜੀ ਦਾ ਗਾਇਨ ਕੀਤਾ ਇੱਕ ਸ਼ਬਦ ਯੂ ਟਿਊਬ ਰਾਹੀਂ ਸੁਣ ਰਿਹਾ ਸਾਂ। ਸ਼ਬਦ ਭਗਤ ਕਬੀਰ ਜੀ ਦਾ ਹੈ, ਉਸ ਦੀ ਇੱਕ ਤੁਕ 'ਬਿਰਖ ਬਸੇਰੋ ਪੰਖਿ ਕੋ ਤੈਸੋ ਇਹ ਸੰਸਾਰ।'ਨੂੰ ਸਥਾਈ ਬਣਾ ਕੇ ਉਹ ਵਾਰ ਵਾਰ ਗਾਉਂਦੇ ਹਨ। ਪੂਰਾ ਸ਼ਬਦ ਵੀ ਬਹੁਤ ਮਾਰਮਿਕ ਹੈ-

ਰੇ ਮਨ ਤੇਰੋ ਕੋ ਨਹੀ ਖਿੰਚਿ ਲੇਇ ਜਿਨਿ ਭਾਰੁ॥<br>
ਬਿਰਖ ਬਸੇਰੋ ਪੰਖਿ ਕੋ ਤੈਸੋ ਇਹੁ ਸੰਸਾਰ॥<br>
ਰਾਮ ਰਸੁ ਪੀਆ ਰੇ॥<br>
ਜਿਹ ਰਸ ਬਿਸਰਿ ਗਏ ਰਸ ਅਉਰ॥ ਰਹਾਉ॥<br>
ਅਉਰ ਮੁਏ ਕਿਆ ਰੋਈਐ ਜਉ ਆਪਾ ਥਿਰੁ ਨ ਰਹਾਇ॥<br>
ਜੋ ਉਪਜੇ ਸੋ ਬਿਨਸਿ ਹੈ ਦੁਖੁ ਕਰਿ ਰੋਵੈ ਬਲਾਇ॥<br>
ਜਹ ਕੀ ਉਪਜੀ ਤਹ ਰਚੀ ਪੀਵਤ ਮਰਦਨ ਲਾਗ॥<br>
ਕਹਿ ਕਬੀਰ ਚਿਤਿ ਚੇਤਿਆ ਰਾਮ ਸਿਮਰਿ ਬੈਰਾਗ॥ (ਅੰਗ 337)

ਭਗਤ ਕਬੀਰ ਜੀ ਦੀ ਬਾਣੀ ਗਹਿਰ ਗੰਭੀਰ ਤੇ ਬੜੀ ਸਪਸ਼ਟ ਹੈ। ਉਹ ਆਪ ਹੀ ਆਖਦੇ ਹਨ 'ਲੋਗ ਜਾਨੈ ਇਹ ਗੀਤ ਹੈ ਇਹ ਤਉ ਬ੍ਰਹਮ ਬੀਚਾਰ।' ਇਸ ਦੀ ਗੰਭੀਰਤਾ ਨੂੰ ਸਪਸ਼ਟ ਕਰਨ ਲਈ ਕਹਿੰਦੇ ਹਨ 'ਜਿਉ ਕਾਸੀ ਉਪਦੇਸ ਹੋਇ ਮਾਨਸ ਮਰਤੀ ਬਾਰ'। ਗੁਰੂ ਅਰਜਨ ਦੇਵ ਜੀ ਨੇ ਕਬੀਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਕੀਤਾ ਅਤੇ ਉਹਨਾਂ ਨੂੰ ਕਬੀਰ ਜੀ, ਕਬੀਰ ਜੀਓ, ਕਬੀਰ ਜੀਉ ਆਦਿ ਸੰਬੋਧਨ ਕਰਦਿਆਂ ਵੱਡਾ ਸਤਿਕਾਰ ਦਿੱਤਾ। ਭਗਤ ਕਬੀਰ ਜੀ ਦਾ ਜ਼ਿਕਰ ਗੁਰੂ ਸਾਹਿਬਾਨ ਨੇ ਆਪਣੀ ਬਾਣੀ ਵਿੱਚ ਕੀਤਾ ਹੈ।

ਨਾਮਾ ਛੀਬਾ ਕਬੀਰੁ ਜੋਲਾਹਾ ਪੂਰੇ ਗੁਰ ਤੇ ਗਤਿ ਪਾਈ॥ ਸਿਰੀ ਰਾਗ ਮਹਲਾ ਤੀਜਾ ਅੰਗ 67

ਨਾਮਦੇਵ ਤ੍ਰਿਲੋਚਨ ਕਬੀਰ ਦਾਸਰੋ ਮੁਕਤ ਭਇਓ ਚਮਿਆਰੋ॥ ਗੂਜਰੀ ਮਹਲਾ ਪੰਜਵਾਂ ਅੰਗ 498

ਨਾਮਾ ਜੈ ਦੇਉ ਕਬੀਰ ਤ੍ਰਿਲੋਚਨ ਸਭਿ ਦੋਖ ਗਏ ਚਮਿਆਰ ॥ ਮਾਰੂ ਮਹਲਾ ਚੌਥਾ ਪੰਨਾ 995

ਇਸ ਤੋਂ ਇਹ ਨਤੀਜਾ ਕਢਿਆ ਜਾ ਸਕਦਾ ਹੈ ਕਿ ਗੁਰੂ ਘਰ ਵਿੱਚ ਭਗਤਾਂ ਦੀ ਬਾਣੀ ਅਤੇ ਉਹਨਾਂ ਦੇ ਜੀਵਨ ਬਾਰੇ ਚਰਚਾ ਆਮ ਹੁੰਦੀ ਹੋਵੇਗੀ।

ਭਗਤ ਰਵਿਦਾਸ ਜੀ ਵੀ ਭਗਤ ਕਬੀਰ ਜੀ ਦਾ ਜ਼ਿਕਰ ਕਰਦੇ ਹਨ–

ਨਾਮਦੇਵ ਕਬੀਰ ਤ੍ਰਿਲੋਚਨ ਸਧਨਾ ਸੈਨ ਤਰੇ ॥

ਪਰ ਭਗਤ ਬਾਣੀ ਵਿੱਚ ਗੁਰੂ ਸਾਹਿਬਾਨ ਦਾ ਜ਼ਿਕਰ ਨਹੀਂ ਮਿਲਦਾ।

ਪੰਜਾਬ ਵਿੱਚ ਕਬੀਰ ਜੀ ਦੀ ਬਾਣੀ ਸਾਡੀ ਪੰਜਾਬੀਅਤ ਅਤੇ ਖਾਲਸਈ ਚੇਤਨਾ ਨਾਲ ਇਤਨੀ ਇੱਕ ਮਿੱਕ ਹੋ ਗਈ ਕਿ ਕੁਝ ਲੋਕ ਭੁਲੇਖੇ ਨਾਲ ਕਬੀਰ ਜੀ ਦੇ ਸ਼ਬਦ–

ਗਗਨ ਦਮਾਮਾ ਬਾਜਿਓ ਪਰਿਓ ਨੀਸਾਨੈ ਘਾਉ ॥
ਖੇਤੁ ਜੁ ਮਾਂਡਿਓ ਸੂਰਮਾ ਅਬ ਜੂਝਨ ਕੋ ਦਾਉ ॥
ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ॥
ਪੁਰਜਾ ਪੁਰਜਾ ਕਟ ਮਰੇ ਕਬਹੂ ਨ ਛਾਡੇ ਖੇਤ ॥ '

ਨੂੰ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਸਮਝ ਲੈਂਦੇ ਹਨ।

ਕਦੀ ਕਦੀ ਮੈਨੂੰ ਜਾਪਦਾ ਹੈ ਕਿ ਵਿਅਕਤੀਗਤ ਤੌਰ ਤੇ ਕਬੀਰ ਜੀ ਨੂੰ ਯੋਗ ਮਾਨਤਾ ਨਹੀਂ ਦਿੱਤੀ ਗਈ।ਪੰਜਾਬ ਵਿੱਚ ਭਗਤ ਰਵਿਦਾਸ ਜੀ ਨੂੰ ਵਧੇਰੇ ਮਾਨਤਾ ਦਿੱਤੀ ਗਈ ਹੈ।ਸ਼ਾਇਦ ਕਬੀਰ ਜੀ ਨਾਲ ਸਬੰਧਤ ਗੁਰਦੁਆਰੇ ਵੀ ਪੰਜਾਬ ਵਿੱਚ ਘਟ ਹੀ ਹਨ।

ਓਸ਼ੋ ਰਜਨੀਸ਼ ਨੇ ਭਗਤ ਕਬੀਰ ਜੀ ਬਾਣੀ ਦਾ ਵਿਸ਼ਲੇਸ਼ਣ ਕਰਦਿਆਂ ਬਿਆਨ ਕੀਤਾ ਸੀ ਕਿ ਭਗਤ ਕਬੀਰ ਜੀ ਆਪਣੀ ਬਾਣੀ ਵਿੱਚ ਸੱਚਾਈਆਂ ਨੂੰ ਸਿੱਧੇ ਢੰਗ ਨਾਲ ਬਿਆਨ ਕਰ ਦਿੰਦੇ ਹਨ।ਉਹਨਾਂ ਦੇ ਕਥਨਾਂ ਵਿੱਚ ਡਿਪਲੋਮੇਸੀ ਨਹੀਂ ਹੈ। 'ਜੋ ਤੂ ਬਾਮਣ ਬਾਮਣੀ ਜਾਇਆ ਆਨ ਬਾਟ ਕਾਹੇ ਨਹੀਂ ਆਇਆ।'ਹਮ ਕਤ ਲੋਹੂ ਤੁਮ ਕਤ ਦੂਧੋ,।ਸੱਚਾਈ ਨੂੰ ਸਿਧੇ ਢੰਗ ਨਾਲ ਬਿਆਨ ਕਰਨ ਵਾਲੇ ਨੂੰ ਸਨਮਾਨ ਨਾ ਦਿੱਤੇ ਜਾਣ ਬਾਰੇ ਇੱਕ ਕਥਾ ਵੀ ਬਿਆਨ ਕੀਤੀ ਜਾਂਦੀ ਹੈ।ਆਖਦੇ ਨੇ–––ਇੱਕ ਰਾਜੇ ਦੇ ਘਰ ਰਾਜਕੁਮਾਰ ਨੇ ਜਨਮ ਲਿਆ ਤਾਂ ਸਿਆਣੇ ਜੋਤਸ਼ੀਆਂ ਨੂੰ ਬੁਲਾਇਆ ਗਿਆ ਤੇ ਆਦੇਸ਼ ਦਿੱਤਾ ਗਿਆ ਕਿ ਇਸ ਰਾਜਕੁਮਾਰ ਦਾ ਭਵਿੱਖ ਸੱਚੋ ਸੱਚ ਬਿਆਨ ਕੀਤਾ ਜਾਵੇ। ਇੱਕ ਜੋਤਸ਼ੀ ਨੇ ਕਿਹਾ ਕਿ ਇਹ ਰਾਜ ਕੁਮਾਰ ਇਸ ਰਾਜ ਨੂੰ ਵਧੇਰੇ ਖੁਸ਼ਹਾਲ ਕਰੇਗਾ।ਰਾਜੇ ਨੇ ਇਸ ਨੂੰ ਜੋਤਸ਼ੀ ਇਨਾਮ ਦਿੱਤਾ ।ਦੂਜੇ ਜੋਤਸ਼ੀ ਨੇ ਕਿਹਾ ਰਾਜਕੁਮਾਰ ਰਾਜ ਨੂੰ ਹੋਰ ਵਿਸ਼ਾਲ ਕਰ ਦੇਵੇਗਾ ਇਸ ਜੋਤਸ਼ੀ ਨੂੰ ਵੀ ਇਨਾਮ ਦਿੱਤਾ ਗਿਆ।ਤੀਜੇ ਜੋਤਸ਼ੀ ਨੇ ਕਿਹਾ ਕਿ ਪਹਿਲੇ ਜੋਤਸ਼ੀਆਂ ਦੇ ਕਥਨ ਵਿੱਚ ਕੋਈ ਸੱਚਾਈ ਹੈ ਜਾਂ ਨਹੀਂ ਇਹ ਮੈਨੂੰ ਨਹੀਂ ਪਤਾ। ਪਰ ਇੱਕ ਗੱਲ ਬਿਲਕੁਲ ਸੱਚੀ ਹੈ ਕਿ ਰਾਜਕੁਮਾਰ ਇੱਕ ਦਿਨ ਮਰੇਗਾ ਜ਼ਰੂਰ।ਇਸ ਗੱਲ ਤੇ ਉਸ ਜੋਤਸ਼ੀ ਨੂੰ ਸਜ਼ਾ ਦਿੱਤੀ ਗਈ।

ਕਈ ਵਾਰ ਸਾਨੂੰ ਸੱਚੀ ਗੱਲ ਬਹੁਤ ਕੌੜੀ ਲਗਦੀ ਹੈ। ਤੇ ਅਸੀਂ ਅਜਿਹੇ ਸੱਚੇ ਬੰਦੇ ਨੂੰ ਪਿਆਰ ਸਤਿਕਾਰ ਨਹੀਂ ਦਿੰਦੇ।

ਸ਼ਾਇਦ ਭਗਤ ਕਬੀਰ ਨੂੰ ਪਿਆਰ ਘਟ ਮਿਲਣ ਦਾ ਇਹ ਵੀ ਕਾਰਨ ਹੋਵੇ।

ਭਗਤ ਕਬੀਰ ਜੀ ਬਾਰੇ ਕਈ ਲੇਖ ਲਿਖਣ ਨੂੰ ਮਨ ਕਰ ਰਿਹਾ ਹੈ। ਫਿਲਹਾਲ ਉਹਨਾਂ ਦੀ ਬਾਣੀ ਦੇ ਬੀਰਰਸੀ ਨਮੂਨੇ ਹਾਜ਼ਰ ਹਨ ਜਿਹਨਾਂ ਨੂੰ ਗਾਇਨ ਕਰ ਕਰ ਕੇ ਕੀਰਤਨੀਏ ਖਾਲਸੇ ਦੀ ਮਹਿਮਾ ਨੂੰ ਵਿਸ਼ੇਸ਼ਿਤ ਕਰਦੇ ਆ ਰਹੇ ਹਨ–

ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ ॥
ਸੂਰ ਕਿ ਸਨਮੁਖ ਰਨ ਤੇ ਡਰਪੈ ਸਤੀ ਕਿ ਸਾਂਚੈ ਭਾਂਡੈ ॥
ਡਗਮਗ ਛਾਡਿ ਰੇ ਮਨ ਬਉਰਾ ॥
ਅਬ ਤਉ ਜਰੇ ਮਰੇ ਸਿਧਿ ਪਾਈਐ ਲੀਨੋ ਹਾਥਿ ਸੰਧਉਰਾ ॥ ਰਹਾਉ ॥
ਕਾਮ ਕ੍ਰੋਧ ਮਾਇਆ ਕੇ ਲੀਨੇ ਇਆ ਬਿਧਿ ਜਗਤੁ ਬਿਗੂਤਾ ॥
ਕਹਿ ਕਬੀਰ ਰਾਜਾ ਰਾਮ ਨ ਛੋਡਉ ਸਗਲ ਊਚ ਤੇ ਊਚਾ ॥

-----------------------------------

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦ ॥
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥

---------------------------

ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੇ ਦੁਆਰ ॥
ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰਿ ॥

---------------------------

ਕਬੀਰਾ ਮਰਤਾ ਮਰਤਾ ਜਗੁ ਮੁਆ ਮਰਿ ਭਿ ਨ ਜਾਨੈ ਕੋਇ ॥
ਐਸੀ ਮਰਨੀ ਜੋ ਮਰੈ ਬਹੁਰਿ ਨ ਮਰਨਾ ਹੋਇ ॥

ਭੁੱਲ ਚੁੱਕ ਖਿਮਾ

# ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਇਕੋ ਧੁਨ ਗੁਰਮਤਿ ਰਾਗਾਂਜਲੀ

**ਡਾ. ਗੁਰਦੇਵ ਸਿੰਘ**

ਸਿੱਖ ਧਰਮ ਵਿੱਚ ਸੰਗੀਤ ਨੂੰ ਮਹੱਤਵਪੂਰਨ ਸਥਾਨ ਹਾਸਲ ਹੈ। ਗੁਰੂ ਸਾਹਿਬਾਨ ਨੇ ਸਾਰੀ ਬਾਣੀ ਹੀ ਰਾਗਾਂ ਵਿੱਚ ਰਚੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੱਖ 31 ਰਾਗ ਤੇ 31 ਰਾਗ ਪ੍ਰਕਾਰ ਦਰਜ ਹਨ। ਇਨ੍ਹਾਂ ਰਾਗਾਂ ਦਾ ਗਾਇਨ ਗੁਰੂ ਘਰ ਦੇ ਕੀਰਤਨੀਏ ਸਦੀਆਂ ਤੋਂ ਕਰਦੇ ਆ ਰਹੇ ਹਨ। ਗੁਰੂ ਸਾਹਿਬਾਨ ਵਲੋਂ ਭਾਈ ਮਰਦਾਨੇ ਦੀ ਰਬਾਬ ਤੋਂ ਲੈ ਕੇ ਸਾਰੰਦਾ, ਤਾਊਸ,ਦਿਲਰੁਬਾ ਆਦਿ ਤੰਤੀ ਸਾਜ਼ਾਂ ਨੂੰ ਵੀ ਸਿੱਖ ਸੰਗੀਤ ਦਾ ਅਹਿਮ ਅੰਗ ਬਣਾਇਆ। ਅਫ਼ਸੋਸ ਸਿੱਖਾਂ ਨੇ ਆਪਣੀ ਇਸ ਅਮੀਰ ਵਿਰਾਸਤ ਨੂੰ ਕਿਤੇ-ਨਾ-ਕਿਤੇ ਵਿਸਾਰਨ ਵਿੱਚ ਕੋਈ ਕਸਰ ਨਹੀਂ ਛੱਡੀ, ਪਰ ਕੁਝ ਸੂਝਵਾਨ ਸਿੱਖ ਸੰਗੀਤ ਨੂੰ ਪਿਆਰ ਕਰਨ ਵਾਲੇ ਤੇ ਗੁਰਮਤਿ ਸੰਗੀਤ ਦਾ ਹੋਕਾ ਦੇਣ ਵਾਲੇ ਵਿਦਵਾਨ ਆਪਣਾ ਕਾਰਜ ਦਹਾਕਿਆਂ ਤੋਂ ਨਿਰੰਤਰ ਕਰਦੇ ਆ ਰਹੇ ਹਨ, ਉਨ੍ਹਾਂ ਵਿੱਚ ਵਿਸ਼ਵ ਪ੍ਰਸਿਧ ਗੁਰਮਤਿ ਸੰਗੀਤਾਚਾਰੀਆ ਡਾ. ਗੁਰਨਾਮ ਸਿੰਘ ਇੱਕ ਨੇ ਜਿਨ੍ਹਾਂ ਨੇ ਗੁਰਮਤਿ ਸੰਗੀਤ ਦੀ ਮੌਲਿਕ ਪਰੰਪਰਾਂ ਦਾ ਵਿਸ਼ਵ ਸੰਗੀਤ ਵਿੱਚ ਅਹਿਮ ਸਥਾਨ ਬਣਾਇਆ ।

ਗੁਰਮਤਿ ਸੰਗੀਤ ਦੇ ਹਵਾਲੇ ਨਾਲ ਵਿਸ਼ਵ ਵਿੱਚ ਵਿਸ਼ੇਸ਼ ਪਛਾਣ ਰੱਖਣ ਵਾਲੇ ਡਾ. ਗੁਰਨਾਮ ਸਿੰਘ ਜੀ ਨੇ ਗੁਰਮਤਿ ਸੰਗੀਤ ਦੇ ਰਾਗਾਂ ਤੇ ਤੰਤੀ ਸਾਜ਼ਾਂ ਦੀ ਅਹਿਮੀਅਤ ਨੂੰ ਪਛਾਣਦਿਆਂ ਇਨ੍ਹਾਂ ਨੂੰ ਵਿਸ਼ਵ ਪੱਧਰ 'ਤੇ ਪ੍ਰਚਾਰਨ ਅਤੇ ਪ੍ਰਸਾਰਨ ਹਿਤ ਵਿਸ਼ੇਸ਼ ਕਾਰਜ 'ਰਾਗ ਨਾਦ ਜਰਨੀ' ਦੇ ਰੂਪ ਵਿੱਚ ਪੁਸਤਕ ਅਤੇ ਆਡਿਓ ਵੀਡਿਓ ਵਜੋਂ ਕੀਤਾ ਗਿਆ ਹੈ। ਇਸ ਪੁਸਤਕ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਰਾਗਾਤਮਕ ਸਿੰਫ਼ਨੀ ਨੂੰ ਗੁਰਮਤਿ ਰਾਗਾਂਜਲੀ ਦੇ ਰੂਪ ਵਿੱਚ ਤਿਆਰ ਕੀਤਾ ਗਿਆ ਜੋ ਕਿ ਵਿਸ਼ਵ ਪੱਧਰ 'ਤੇ ਗੁਰਮਤਿ ਸੰਗੀਤ ਦੇ ਹਵਾਲੇ ਨਾਲ ਨਿਵੇਕਲਾ ਕਾਰਜ ਹੈ ਜਿਸ ਨੂੰ ਉਨ੍ਹਾਂ ਦੀ ਵਿਦੇਸ਼ੀ (ਅਮਰੀਕਾ) ਸਟੂਡੈਂਟ ਲੀਨਾ ਸਿੰਘ ਨੇ ਬੁੱਕ ਰੂਪ ਵਿੱਚ ਕੰਪਾਇਲ ਕੀਤਾ ਤੇ ਵੱਖ ਵੱਖ ਤੰਤੀ ਸਾਜ਼ਾਂ 'ਤੇ ਰਿਕਾਰਡ ਕਰਵਾਇਆ। ਇਸ ਮੌਲਿਕ ਪ੍ਰੋਜੈਕਟ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿ.ਹਰਪ੍ਰੀਤ ਸਿੰਘ ਨੇ ਵਿਸ਼ੇਸ਼ ਰੂਪ ਵਿੱਚ ਜਿੱਥੇ ਲੋਕ ਅਰਪਣ ਕੀਤਾ ਉਥੇ ਅਹਿਮ ਸੁਨੇਹਾ ਵੀ ਸੰਗਤਾਂ ਨੂੰ ਦਿੱਤਾ। ਉਨ੍ਹਾਂ ਨੇ ਆਖਿਆ ਕਿ ਸਿੱਖ ਸੰਗੀਤ ਦੀ ਮਹਾਨ ਵਿਰਾਸਤ ਦੀ ਅਮੀਰੀ ਹੁਣ ਸੰਸਾਰ ਪੱਧਰ'ਤੇ ਪ੍ਰਗਟ ਹੋ ਰਹੀ ਹੈ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪਹਿਲਾਂ ਵੀ ਇਸ ਦਿਸ਼ਾ ਵਿੱਚ ਕੌਮ ਨੂੰ ਸੰਦੇਸ਼ ਦੇ ਚੁੱਕੇ ਹਨ ਕਿ ਸਮੁੱਚੀ ਕੌਮ ਨੂੰ ਤੰਤੀ ਸਾਜ਼ਾਂ ਦੇ ਪ੍ਰਚਾਰ ਲਈ ਤਤਪਰ ਹੋਣਾ ਚਾਹੀਦਾ ਹੈ।

ਅਜੋਕੇ ਸਮੇਂ ਗੁਰੂ ਦੇ ਤੰਤੀ ਸਾਜ਼ ਜਿੱਥੇ ਗੁਰਮਤਿ ਸੰਗੀਤ ਦੀ ਰਾਗਾਤਮਕ ਪਰੰਪਰਾ ਦਾ ਅਧਾਰ ਹਨ ਉਥੇ ਸਿੱਖ ਕੌਮ ਦੀ ਨਵੀਂ ਪੀੜੀ ਵਿੱਚ ਗੁਰੂ ਦੇ ਤੰਤੀ ਸਾਜ਼ ਵਿਸ਼ੇਸ਼ ਆਕਰਸ਼ਣ ਰੱਖਦੇ ਹਨ। ਪਿਛਲੇ ਕਾਫੀ ਸਮੇਂ ਤੋਂ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਕਾਰਜਸ਼ੀਲ ਸ਼ਖਸ਼ੀਅਤਾਂ ਤੇ ਸੰਸਥਾਵਾਂ ਗੁਰਮਤਿ ਸੰਗੀਤ ਦੇ ਤੰਤੀ

ਸਾਜ਼ਾਂ ਦੇ ਪ੍ਰਚਾਰ ਪਾਸਾਰ ਵਿੱਚ ਯਤਨਸ਼ੀਲ ਸਨ।

ਇਸੇ ਦਿਸ਼ਾ ਵਿੱਚ ਡਾ. ਗੁਰਨਾਮ ਸਿੰਘ ਜੀ ਜੋ ਕੇ ਨਿਰੰਤਰ ਗੁਰਮਤਿ ਸੰਗੀਤ ਦੇ ਖੇਤਰ ਵਿੱਚ ਮੌਲਿਕ ਖੋਜ ਕਾਰਜ ਕਰਦੇ ਰਹਿੰਦੇ ਹਨ ਉਨ੍ਹਾਂ ਨੇ ਇਹ ਵਿਲੱਖਣ ਕਾਰਜ ਰਾਗਾਤਮਕ ਸਿੰਫ਼ਨੀ ਦੇ ਰੂਪ ਵਿੱਚ ਕੀਤਾ। ਸਿੱਖ ਹੈਰੀਟੇਜ਼ ਸਿੰਫ਼ਨੀ ਸੰਸਥਾ ਸੰਸਥਾਪਕ ਲੀਨਾ ਸਿੰਘ ਨੇ ਕੈਲੀਫੋਰਨੀਆਂ ਦੇ ਹੋਣਹਾਰ ਬੱਚਿਆਂ ਨੂੰ ਇਸ ਦੀ ਸਿੱਖਲਾਈ ਦਿੱਤੀ ਤੇ ਇਹ ਸਿੰਫ਼ਨੀ ਤਿਆਰ ਕਰਵਾਈ। ਇਸ ਪਿਛੋਂ ਇਸ ਨੂੰ ਰਿਕਾਰਡ ਵੀ ਕਰਵਾਇਆ ਗਿਆ। ਹੁਣ ਇਹ ਪੁਸਤਕ 'ਰਾਗ ਨਾਦ ਜਰਨੀ' ਦੇ ਨਾਮ ਹੇਠ ਪ੍ਰਕਾਸ਼ਿਤ ਹੋ ਚੁੱਕੀ ਹੈ।ਇਸ ਪੁਸਤਕ ਵਿੱਚ ਰਾਗ, ਨਾਦ, ਸੰਗੀਤ, 31 ਰਾਗਾਂ, ਤਾਲਾਂ ਤੇ ਸੁਰਲਿੱਪੀ ਸੰਬੰਧੀ ਜਾਣਕਾਰੀ ਦਿੱਤੀ ਗਈ ਹੈ। ਪੁਸਤਕ ਵਿੱਚ 31 ਰਾਗਾਂ ਵਿੱਚ 31 ਵਾਦਨ ਰਚਨਾਵਾਂ ਵੈਸਟਰਨ ਤੇ ਭਾਰਤੀ ਦੋਵੇਂ ਸੁਰਲਿਪੀਆਂ ਵਿੱਚ ਅੰਕਿਤ ਕੀਤਾ ਗਿਆ ਹੈ ਤਾਂ ਜੋ ਪੁਸਤਕ ਦੇ ਪਾਠਕ ਇਸ ਸਿੰਫ਼ਨੀ ਨੂੰ ਸੁਣ ਵੀ ਸਕਣ ਤੇ ਸਿੱਖ ਵੀ ਸਕਣ।ਆਉਂਣ ਵਾਲੇ ਸਮੇਂ ਵਿੱਚ ਅਮਰੀਕਾ, ਕੈਨੇਡਾ, ਯੂ.ਕੇ. ਆਸਟ੍ਰੇਲੀਆ, ਭਾਰਤ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਇਹ ਰਾਗਾਤਮਕ ਯਾਤਰਾ 'ਰਾਗ ਨਾਦ ਜਰਨੀ' ਦੇ ਨਾਮ ਹੇਠ ਸਾਰੀ ਦੁਨੀਆ ਵਿੱਚ ਜਾਵੇਗੀ ਅਤੇ ਵਿਸ਼ਵ ਭਰ ਦੀਆਂ ਸੰਗੀਤ ਸੰਸਥਾਵਾਂ , ਯੂਨੀਵਰਸਿਟੀਆਂ, ਆਡੀਟੋਰੀਅਮ, ਆਰਕੈਸਟਰਾ, ਮਿਊਜਿਕ ਗਰੁੱਪਸ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੀ ਇਸ ਸਿੰਫ਼ਨੀ ਦਾ ਵਾਦਨ ਕਰਨਗੇ। ਇਹ ਸਿੱਖ ਸਿੰਫ਼ਨੀ ਆਉਂਣ ਵਾਲੇ ਸਮੇਂ ਮਿਊਜ਼ਿਕਲ ਵਿਭਾਗਾਂ ਵਿੱਚ ਵੀ ਅਧਿਐਨ ਦਾ ਵਿਸ਼ਾ ਬਣੇਗੀ।

ਵਿਸ਼ਵ ਭਰ ਵਿੱਚ ਸੰਗੀਤ ਦੇ ਸਰੋਤਾ, ਸੰਗੀਤ ਦੇ ਖੋਜਾਰਥੀ ਅਤੇ ਸੰਗੀਤ ਪ੍ਰੇਮੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰਾਗਾਤਮਕ ਤੇ ਨਾਦਾਤਮਕ ਸੰਸਾਰ ਨੂੰ ਇਸ ਸੰਫ਼ਨੀ ਰਾਹੀਂ ਜਾਣ ਸਕਣਗੇ, ਸੁਣ ਸਕਣਗੇ, ਪਛਾਣ ਸਕਣਗੇ ਅਤੇ ਸਮਝ ਸਕਣਗੇ। ਡਾ. ਗੁਰਨਾਮ ਸਿੰਘ ਤੇ ਉਨ੍ਹਾਂ ਦੀ ਟੀਮ ਦਾ ਇਹ ਸ਼ਲਾਘਾ ਯੋਗ ਯਤਨ ਜਿਥੇ ਆਉਂਣ ਵਾਲੀਆਂ ਪੀੜੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ 31 ਰਾਗਾਂ ਦੇ ਨਾਦਾਤਮਕ ਤੇ ਰਾਗਾਤਮਕ ਸੰਸਾਰ ਨਾਲ ਜੋੜਨ ਦਾ ਕਾਰਜ ਕਰੇਗਾ ਉਥੇ ਤੰਤੀ ਸਾਜ਼ਾਂ ਦੀ ਪੁਨਰ ਸੁਰਜੀਤੀ ਤੇ ਪੁਨਰ ਪਛਾਣ ਦੀ ਦਿਸ਼ਾ ਵਿੱਚ ਵੀ ਇੱਕ ਅਹਿਮ ਭੂਮਿਕਾ ਨਿਭਾਏਗਾ।

Managing Director
Vision 1469 Inc
E-mail: gurdevsingh@gmail.com

# ਗੁਰਮਤਿ ਸੰਗੀਤ ਦੀ ਲੋਕ ਅਤੇ ਸ਼ਾਸਤਰੀ ਸੰਗੀਤ ਸ਼ੈਲੀ

**ਕੁਲਵਿੰਦਰ ਕਮਲ**

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਵਿਸ਼ਵ ਦੇ ਧਾਰਮਿਕ ਗ੍ਰੰਥਾਂ ਵਿੱਚ ਅਦੁੱਤੀ ਸਥਾਨ ਪ੍ਰਾਪਤ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂ ਸਾਹਿਬਾਨ ਅਤੇ ਹੋਰ ਭਗਤ ਕਵੀਆਂ ਦੀ ਬਾਣੀ ਦਾ ਸੰਗ੍ਰਹਿ ਹੈ। ਸੰਗੀਤ ਦੇ ਪੱਖ ਤੋਂ ਇਸ ਗ੍ਰੰਥ ਨੂੰ ਮਹੱਤਵਪੂਰਨ ਸਥਾਨ ਪ੍ਰਾਪਤ ਹੈ। ਇਸ ਗ੍ਰੰਥ ਵਿੱਚ 'ਜਪੁਜੀ' ਨੂੰ ਛੱਡ ਕੇ ਬਾਕੀ ਸਾਰੀ ਬਾਣੀ ਰਾਗਾਂ ਵਿੱਚ ਦਰਜ ਹੈ।

ਗੁਰੂ ਅਰਜਨ ਦੇਵ ਜੀ ਨੇ ਸਿੱਖ ਗੁਰੂ ਸਾਹਿਬਾਨਾਂ ਦੀ ਬਾਣੀ ਨੂੰ ਸੰਕਲਿਤ ਕੀਤਾ।1604 ਈਸਵੀ ਵਿੱਚ ਹਰਮਿੰਦਰ ਸਾਹਿਬ, ਅੰਮ੍ਰਿਤਸਰ ਵਿਖੇ ਪਵਿੱਤਰ 'ਆਦਿ ਬੀੜ' ਦਾ ਪ੍ਰਕਾਸ਼ ਕੀਤਾ ਗਿਆ ਅਤੇ ਬਾਣੀ ਨੂੰ ਗੁਰੂ ਦਾ ਦਰਜਾ ਦਿੱਤਾ ਗਿਆ। ਗੁਰੂ ਗ੍ਰੰਥ ਸਾਹਿਬ ਵਿੱਚ 6 ਗੁਰੂ ਸਾਹਿਬਾਨਾਂ,15 ਭਗਤਾਂ ਅਤੇ 17 ਭੱਟਾਂ ਦੀ ਬਾਣੀ ਦਰਜ ਹੈ ਅਤੇ ਇਸ ਬਾਣੀ ਵਿੱਚ ਵੱਖ-ਵੱਖ ਰੂਪ ਦ੍ਰਿਸ਼ਟੀਗੋਚਰ ਹੁੰਦੇ ਹਨ।

ਸੰਗੀਤ ਦੇ ਖੇਤਰ ਵਿੱਚ ਗੁਰਮਤਿ ਸੰਗੀਤ:- ਸੰਗੀਤ ਦੇ ਖੇਤਰ ਵਿੱਚ ਗੁਰਮਤਿ ਸੰਗੀਤ ਨਵੀਨ ਅਤੇ ਵਿਲੱਖਣ ਸੰਗੀਤ ਪ੍ਰਣਾਲੀ ਦੇ ਰੂਪ ਵਿੱਚ ਆਪਣਾ ਵਿਸ਼ੇਸ਼ ਸਥਾਨ ਰੱਖਦਾ ਹੈ, ਜਿਸ ਕਾਰਨ ਇਸਦਾ ਆਪਣਾ ਇੱਕ ਅਲੱਗ ਸਵਰੂਪ ਹੈ। ਸਿੱਖ ਧਰਮ ਨਾਲ ਸਬੰਧਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਬਾਣੀ ਦਾ ਗਾਇਨ ਜਦੋ ਨਿਰਧਾਰਿਤ ਰਾਗਾਂ ਵਿੱਚ ਹੁੰਦਾ ਹੈ ਜਾਂ ਇਸ ਤਰ੍ਹਾਂ ਵੀ ਕਿਹਾ ਜਾ ਸਕਦਾ ਹੈ ਕਿ ਸਿੱਖ ਧਰਮ ਵਿੱਚ ਜੋ ਕੀਰਤਨ ਗਾਇਨ ਕੀਤਾ ਜਾਂਦਾ ਹੈ, ਉਸਨੂੰ ਗੁਰਮਤਿ ਸੰਗੀਤ ਕਿਹਾ ਜਾਦਾ ਹੈ। ਸੰਗੀਤ ਦੇ ਖੇਤਰ ਵਿੱਚ ਗੁਰਮਤਿ ਸੰਗੀਤ ਨੂੰ ਅੱਜ ਸੁਤੰਤਰ ਰੂਪ ਪ੍ਰਦਾਨ ਹੈ।

ਸ਼ਾਸਤਰੀ ਸੰਗੀਤ:- ਸ਼ਾਸਤਰੀ ਸੰਗੀਤ ਨਿਯਮਾਂ ਵਿੱਚ ਬੰਨ ਕੇ ਗਾਇਆ ਜਾਂਦਾ ਹੈ। ਇਹ ਸੰਗੀਤ ਸ਼ਾਸਤਰ ਪ੍ਰਧਾਨ ਹੈ। ਇਸ ਵਿੱਚ ਸ਼ਾਸਤਰੀ ਗਾਇਨ ਸ਼ੈਲੀਆਂ ਧਰੁਪਦ, ਧਮਾਰ, ਸਲੋਕ, ਪਦੇ, ਅਸ਼ਟਪਦੀਆਂ ਅਤੇ ਪੜਤਾਲਾਂ ਆਦਿ ਸ਼ਾਸਤਰੀ ਗਾਇਨ ਰੂਪ ਆਉਂਦੇ ਹਨ।

ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਦਾ ਪਿਛੋਕੜ:- ਪ੍ਰਾਚੀਨ ਕਾਲ- ਪ੍ਰਾਚੀਨ ਕਾਲ ਵਿੱਚ ਇਸਦੇ ਅੰਤਰਗਤ ਉਹ ਗਾਇਨ ਸ਼ੈਲੀਆਂ ਆਉਂਦੀਆਂ ਹਨ, ਜੋ ਭਾਰਤੀ ਸੰਗੀਤ ਦੇ ਪ੍ਰਾਚੀਨ ਸੰਗੀਤ ਤੇ ਅਧਾਰਿਤ ਹਨ। ਭਾਰਤੀ ਧਾਰਮਿਕ ਸੰਗੀਤ ਵਿੱਚ ਸ਼ਾਸਤਰੀ ਸੰਗੀਤ ਦੀ ਇੱਕ ਵੱਡੀ ਪ੍ਰੰਪਰਾ ਹੈ। ਜਿਸਦੇ ਅੰਤਰਗਤ ਸੰਗੀਤ ਸ਼ਾਸਤਰੀਆਂ ਨੇ ਸੰਗੀਤ ਸ਼ਾਸਤਰ ਦੀ ਰਚਨਾ ਕੀਤੀ ਅਤੇ ਸ਼ਾਸਤਰ ਦੇ ਨਿਯਮਾਂ ਅਧੀਨ ਕਈ ਸ਼ੈਲੀਆਂ ਪ੍ਰਚਾਰ ਵਿੱਚ ਰਹੀਆ। ਪ੍ਰਾਚੀਨ ਸਮੇ ਵਿੱਚ ਸਾਮਗਾਨ, ਸਤੋਤਰਗਾਨ ਅਤੇ ਜਾਤੀ ਪ੍ਰੰਪਰਾਵਾਂ ਇਸਦਾ ਹਿੱਸਾ ਸਨ। ਜਿਸ ਅਧੀਨ ਕੀਰਤਨ ਦਾ ਪ੍ਰਚਾਰ ਅਤੇ ਪ੍ਰਸਾਰ ਹੋਇਆ।

ਸਤੋਤਰ ਗਾਇਨ ਤੋ ਆਰੰਭ ਹੋ ਕਿ ਇਹ ਪ੍ਰੰਪਰਾ 3 ਤੋ 9ਵੀ ਸਦੀ ਤੱਕ ਦੱਖਣ ਵਿੱਚ ਅਲਵਰ ਅਤੇ ਨਾਇਨਰ ਧਾਰਾ ਦੇ ਰੂਪ ਵਿੱਚ ਸੁਮੱਚੇ ਭਾਰਤ ਵਿੱਚ ਧਾਰਮਿਕ ਲਹਿਰ ਵਜੋ ਉੱਭਰ ਕੇ ਪ੍ਰਤੱਖ ਹੋਈ। ਵੈਸ਼ਨਿਵ ਸੰਤਾ ਨੂੰ ਅਲਵਰ ਅਤੇ ਸ਼ੈਵ ਸੰਤਾ ਨੂੰ ਨਾਇਨਰ ਕਿਹਾ ਜਾਂਦਾ ਸੀ। ਇਹ ਸੰਤ ਭਗਤ ਪ੍ਰਭੂ ਦੀ ਭਗਤੀ ਵਿੱਚ ਡੁੱਬੇ ਪ੍ਰਭੂ ਦੀ ਉਸਤਤੀ ਲਈ ਗੀਤਾਂ ਦੀ ਰਚਨਾ ਕਰਦੇ। ਇਹ ਭਗਤ ਜਗ੍ਹਾ ਜਗ੍ਹਾ ਘੁੰਮਦੇ ਫਿਰਦੇ ਮੰਦਰਾਂ ਦੇ ਦਰਸ਼ਨ ਕਰਦੇ ਅਤੇ ਪ੍ਰਭੂ ਭਗਤੀ ਦਾ ਗਾਇਨ ਕਰਦੇ।

ਮੱਧਕਾਲ:- ਮੱਧਕਾਲ ਵਿੱਚ ਭਗਤੀ ਦਾ ਪ੍ਰਚਾਰ ਪ੍ਰਸਾਰ ਵੀ ਕੀਰਤਨ ਦੇ ਰੂਪ ਵਿੱਚ ਹੋਇਆ, ਜਿਸ ਦੇ ਅਧੀਨ ਰਾਗ ਸਾਹਿਤ ਪ੍ਰਭੂ ਦੇ ਗੁਣ ਗਾਉਣ ਦਾ ਨਾਮ ਹੀ ਕੀਰਤਨ ਅਖਵਾਇਆ। ਜਿਸਦੇ ਅਧੀਨ ਪ੍ਰਬੰਧ ਗਾਇਨ ਧਰੁਪਦ, ਧਮਾਰ ਸ਼ੈਲੀਆ ਦਾ ਵਿਕਾਸ ਭਾਰਤੀ ਸੰਗੀਤ ਵਿੱਚ ਪ੍ਰਚੱਲਿਤ ਹੋਇਆ, ਉਪਰੰਤ ਕੀਰਤਨ ਦੀਆਂ ਵੱਖੋ-ਵੱਖ ਪ੍ਰੰਪਰਾਵਾਂ ਨੇ ਇਨ੍ਹਾਂ ਸ਼ੈਲੀਆਂ ਨੂੰ ਅਪਨਾ ਲਿਆ। ਮੱਧਕਾਲ ਵਿੱਚ ਪਦ ਨੂੰ ਧਰੁਪਦ ਕਿਹਾ ਜਾਦਾ ਸੀ। ਅਸ਼ਟਪਦੀ ਅਤੇ ਪੜਤਾਲ ਗਾਇਨ ਸ਼ੈਲੀ ਸ਼ਾਸਤਰੀ ਅੰਗ ਦੇ ਗਾਇਨ ਰੂਪ ਹਨ। 'ਸ੍ਰੀ ਗੁਰੂ ਗ੍ਰੰਥ ਵਿੱਚ ਸ਼ਾਸਤਰੀ ਅੰਗ ਦੀਆਂ ਗਾਇਨ ਸ਼ੈਲੀਆਂ ਅਸ਼ਟਪਦੀ, ਪਦੇ ਅਤੇ ਪੜਤਾਲਾਂ ਆਦਿ ਹਨ। ਸ਼ਾਸਤਰੀ ਗਾਇਨ ਸ਼ੈਲੀਆ ਦਾ ਵਰਣਨ ਇਸ ਪ੍ਰਕਾਰ ਹੈ।

1 ਪਦ :- ਮੱਧ ਕਾਲ ਵਿੱਚ ਇਸ ਨੂੰ ਧਰੁਵ ਪਦ ਵੀ ਕਿਹਾ ਜਾਦਾ ਸੀ। ਗੁਰੂ ਗ੍ਰੰਥ ਸਾਹਿਬ ਵਿੱਚ ਸਿੱਖ ਗੁਰੂ ਸਾਹਿਬਾਨਾਂ ਦੇ ਰਚੇ ਹੋਏ ਕਈ ਤਰ੍ਹਾਂ ਦੇ ਪਦੇ ਭਿੰਨ-ਭਿੰਨ ਰਾਗਾਂ ਵਿੱਚ ਦਰਜ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ 'ਕਾਵਯ, ਵਰਣ, ਸੰਖਿਅ, ਲੈਯ, ਵਿਸ਼ਰਾਮ ਅਤੇ ਤੁਕ ਦੇ ਨਿਯਮ ਅਨੁਸਾਰ ਕੀਤੀ ਰਚਨਾ ਪਦ ਅਖਵਾਉਦੀ ਹੈ।'

ਪਦ ਨੂੰ ਛੰਦ ਦੇ ਸਮਾਨਆਰਥਿਕ ਅਰਥਾਂ ਵਿੱਚ ਪ੍ਰਯੋਗ ਕੀਤਾ ਜਾਂਦਾ ਹੈ। ਇਨ੍ਹਾਂ ਪਦਿਆਂ ਦੇ ਕਾਵਿ ਵਿਚ ਵਰਣ, ਤੋਲ, ਤੁਕਾਂਤ, ਮਾਤਰਾਵਾਂ ਅਤੇ ਪਿੰਗਲ ਦੇ ਨਿਯਮ ਦੀ ਵਰਤੋ ਕੀਤੀ ਜਾਂਦੀ ਹੈ।

2 ਅਸ਼ਟਪਦੀ - ਪ੍ਰਬੰਧ ਗਾਇਨ ਪੂਰਨ ਮੱਧ ਯੁਗ ਦੀ ਵਿਸੇਸ਼ ਪ੍ਰੰਪਰਾ ਰਹੀ ਹੈ। ਜਿਸਦਾ ਪ੍ਰਯੋਗ ਭਾਰਤੀ ਸੰਗੀਤ ਦਾ ਅਹਿਮ ਹਿੱਸਾ ਹੈ। ਅਸ਼ਟਪਦੀ ਤੋ ਭਾਵ ਉਸ ਰਚਨਾ ਤੋ ਹੈ ਜਿਸ ਵਿੱਚ ਅੱਠ ਪਦ ਹੋਣ ਪ੍ਰੰਤੂ ਬਾਣੀ ਵਿਚ ਅਸ਼ਟਪਦੀ ਅਧੀਨ ਪਦਿਆਂ ਦੀ ਗਿਣਤੀ 8 ਤੋ ਵੱਧ 9, 10, 11 ਜਾਂ 8 ਤੋ ਘੱਟ 7 ਵੀ ਮਿਲਦੀ ਹੈ। ਗੁਰੂ ਸਾਹਿਬਾਨ ਤੋ ਪਹਿਲਾਂ ਵੀ ਇਸ ਕਾਵਿ ਸ਼ੈਲੀ ਦਾ ਪ੍ਰਯੋਗ ਭਗਤ, ਕਵੀ ਅਤੇ ਸੰਗੀਤਕਾਰ ਕਰਦੇ ਰਹੇ ਹਨ।

ਜੈ ਦੇਵ ਰਚਿਤ ਗ੍ਰੰਥ ਗੀਤ ਗੋਬਿੰਦ ਦੀਆਂ ਅਸ਼ਟਪਦੀਆਂ ਭਾਰਤੀ ਸਾਹਿਤ ਅਤੇ ਸੰਗੀਤ ਦਾ ਵੱਡਮੁੱਲਾ ਸਰਮਾਇਆ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਜੈ ਦੇਵ ਰਚਿਤ ਇਸ ਕਾਵਿ ਨੂੰ ਦਰਜ ਕੀਤਾ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਵੀ ਅਸਟਪਦੀ ਦਾ ਪ੍ਰਯੋਗ ਕੀਤਾ ਹੈ।

3 ਪੜਤਾਲ - ਪੜਤਾਲ ਗਾਇਨ ਸ਼ੈਲੀ ਗੁਰਮਤਿ ਸੰਗੀਤ ਅਧੀਨ ਇੱਕ ਮੌਲਿਕ ਗਾਇਨ ਵਿਧਾ ਹੈ। ਪੜਤਾਲ ਨਾਮਕ ਇਸ ਵਿਸ਼ਸਿਟ ਗਾਇਨ ਸ਼ੈਲੀ ਦਾ ਉਲੇਖ ਕੇਵਲ ਗੁਰਬਾਣੀ ਸੰਗੀਤ ਵਿੱਚ ਹੀ ਮਿਲਦਾ ਹੈ। ਹਿੰਦੁਸਤਾਨੀ ਸੰਗੀਤ ਜਾਂ ਗੁਰਮਤਿ ਸੰਗੀਤ ਦੇ ਸਮਕਾਲੀਨ ਕਿਸੀ ਵੀ ਹੋਰ ਸੰਗੀਤ ਪ੍ਰੰਪਰਾ ਵਿੱਚ ਪੜਤਾਲ ਗਾਇਨ ਸ਼ੈਲੀ ਦਾ ਉਲੇਖ ਨਹੀ ਮਿਲਦਾ

ਪੜਤਾਲ ਗੁਰਮਤਿ ਸੰਗੀਤ ਦੀ ਇੱਕ ਅਦੁੱਤੀ ਸ਼ਾਸਤਰੀ ਅੰਗ ਦੀ ਗਾਇਨ ਸ਼ੈਲੀ ਹੈ। ਪੜਤਾਲ ਸ਼ੈਲੀ ਦਾ ਸਰਬ ਪ੍ਰਥਮ ਪ੍ਰਯੋਗ ਸ੍ਰੀ ਗੁਰੂ ਰਾਮਦਾਸ ਜੀ ਨੇ ਕੀਤਾ। ਗੁਰੂ ਰਾਮਦਾਸ ਨੇ ਬਿਲਾਵਲ, ਨਟਨਰਾਇਣ, ਸਾਰੰਗ, ਨਟ, ਕਾਨੜਾ, ਮਲਾਰ ਅਤੇ ਪ੍ਰਭਾਤੀ ਵਿਭਾਸ ਰਾਗਾਂ ਵਿੱਚ 19 ਪੜਤਾਲਾਂ ਦੀ ਰਚਨਾ ਕੀਤੀ। ਗੁਰੂ ਰਾਮਦਾਸ ਨੇ ਇਸ ਨਵੀਨ ਸ਼ੈਲੀ ਦੀ ਸਿਰਜਨਾ ਕਰਕੇ ਭਾਰਤੀ ਸੰਗੀਤ ਨੂੰ ਭਰਪੂਰ ਬਣਾਉਣ ਵਿੱਚ ਆਪਣਾ ਯੋਗਦਾਨ ਦਿੱਤਾ। ਗੁਰੂ ਰਾਮਦਾਸ ਦੁਆਰਾ ਰਚਿਤ ਕਾਨੜਾ ਰਾਗ ਵਿਚ ਇੱਕ ਪੜਤਾਲ ਇਸ ਪ੍ਰਕਾਰ ਹੈ।

ਹਉ ਬਲਿ ਬਲੇ ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਾਈ ਨਿਹਾਲ ਨਿਹਾਲ ਨਿਹਾਲ

ਕਾਨੜਾ ਮਹੱਲਾ ੪, ਪੜਤਾਲ ਘਰ ਪਵਾਂ, ਪੰਨਾ ੧੨੯੬

ਗੁਰੂ ਰਾਮਦਾਸ ਜੀ ਦਾ ਅਨੁਸਰਨ ਕਰਦੇ ਹੋਏ ਗੁਰੂ ਅਰਜਨ ਦੇਵ ਨੇ ਵੀ ਰਾਗ ਆਸਾ, ਧਨਾਸਰੀ, ਬਿਲਾਵਲ, ਰਾਮਕਲੀ, ਨਟ, ਸੂਹੀ, ਖਮਾਜ, ਭੈਰਵ, ਸਾਰੰਗ, ਬਿਭਾਸ, ਮਲਾਰ ਅਤੇ ਪ੍ਰਭਾਤੀ ਵਿੱਚ 36 ਪੜਤਾਲਾਂ ਦੀ ਰਚਨਾ ਕੀਤੀ। ਇਸ ਤਰ੍ਹਾ ਕੁੱਲ 55 ਪੜਤਾਲਾਂ ਸ੍ਰੀ ਗੁਰੂ ਗ੍ਰੰਥ ਵਿੱਚ ਦਰਜ ਹਨ।

ਪੜਤਾਲ ਇੱਕ ਅਜਿਹੀ ਗਾਇਨ ਸ਼ੈਲੀ ਹੈ ਜਿਸਨੂੰ ਮੁੜ ਮੁੜ ਬਦਲਿਆ ਜਾਂਦਾ ਹੈ। ਪੜਤਾਲ ਦਾ ਸਬਦਿਕ ਅਰਥ ਵੀ ਪਰਤ ਤਾਲ ਹੈ, ਅਰਥਾਤ ਤਾਲ ਦਾ ਮੁੜ ਮੁੜ ਬਦਲਣਾ। ਪੜਤਾਲ ਦਾ ਇੱਕ ਅਰਥ ਪੰਚਤਾਲ ਵੀ ਮੰਨਿਆ ਜਾਦਾ ਹੈ, ਜਿਸ ਤੋ ਭਾਵ ਅਜਿਹੀ ਗਾਇਨ ਸ਼ੈਲੀ ਜਿਸ ਵਿੱਚ ਪੰਜ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪੜਤਾਲ, ਪਰਤਤਾਲ, ਪਟਤਾਲ, ਪੰਚਤਾਲ ਆਦਿ ਨਾਂ ਦਾ ਸਬੰਧ ਪੜਤਾਲ ਸ਼ੈਲੀ ਨਾਲ ਜੋੜਿਆ ਜਾਂਦਾ ਹੈ।

ਪੜਤਾਲ ਇੱਕ ਅਜਿਹੀ ਸ਼ੈਲੀ ਹੈ ਕਿ ਇਸਦੀ ਸਥਾਈ ਇੱਕ ਹੀ ਤਾਲ ਵਿੱਚ ਰਹਿੰਦੀ ਹੈ ਅਤੇ ਅੰਤਰਾ ਗਾਉਣ ਲਈ ਪੰਜ ਵਿਭਿੰਨ ਤਾਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹਰੇਕ ਅੰਤਰੇ ਤੋ ਤਾਲ ਦੀ ਤਿਹਾਈ ਲਗਾਉਦੇ ਹੋਏ ਮੁੜ ਸਥਾਈ ਵਿੱਚ ਮਿਲਿਆ ਜਾਂਦਾ ਹੈ। ਤਿਹਾਈ ਲਗਾਉਣ ਲਈ ਵਿਸੇਸ ਤੋਲ ਤੁਕਾਂਤ ਪੜਤਾਲ ਦੀ ਕਾਵਿ ਰਚਨਾ ਵਿੱਚ ਮੌਜੂਦ ਰਹਿੰਦਾ ਹੈ। ਪੜਤਾਲ ਦੀ ਸਬਦ ਰਚਨਾ ਵਿੱਚ ਰਹਾਉ ਵਾਲੀ ਤੁਕ ਨੂੰ ਸਥਾਈ ਬਣਾ ਕੇ ਗਾਇਆ ਜਾਦਾ ਹੈ , ਹੋਰ ਪਦਾਂ ਨੂੰ ਜਦੋ ਭਿੰਨ ਭਿੰਨ ਤਾਲਾਂ ਵਿੱਚ ਗਾਇਆ ਜਾਂਦਾ ਹੈ ਤਾਂ ਉਹ ਸੰਪੂਰਨ ਰਚਨਾ ਨੂੰ ਵੱਖ-ਵੱਖ ਗਾਇਨ ਰੂਪ ਪ੍ਰਦਾਨ ਕਰਦੇ ਹਨ। ਪੜਤਾਲ ਦੀ ਸੰਪੂਰਨ ਗਾਇਨ ਰਚਨਾ ਵਿੱਚ ਰਾਗ ਨਹੀ ਬਦਲਦਾ । ਪੜਤਾਲ ਸ਼ੈਲੀ ਵਿੱਚ ਕਾਲ ਪੱਖ ਜਾਂ ਲੈਆਤਮਿਕਤਾ ਦੀ ਪ੍ਰਧਾਨਤਾ ਕਾਰਨ ਇਸਦੀ ਕਾਵਿ ਰਚਨਾ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੋਰ ਬਾਣੀ ਤੋ ਕੁਝ ਭਿੰਨ ਹੋ ਜਾਂਦੀ ਹੈ।

ਲੋਕ ਸੰਗੀਤ :- ਲੋਕ ਸੰਗੀਤ ਦੋ ਸਬਦਾਂ ਦੇ ਮੇਲ ਤੋ ਬਣਿਆਂ ਹੈ, ਜਿਸ ਦਾ ਸਾਧਾਰਨ ਅਰਥ ਹੈ ਲੋਕਾਂ ਦਾ ਸੰਗੀਤ। ਲੋਕ ਸੰਗੀਤ ਦੇਸ਼, ਵਿਦੇਸ਼, ਸਮਾਜਿਕ ਅਤੇ ਸੰਸਕ੍ਰਿਤੀ ਦਾ ਦਰਪਣ ਹੁੰਦਾ ਹੈ। ਜਦੋ ਕੋਈ ਵੀ ਧੁਨ ਵਾਰ ਵਾਰ ਗਾਈ ਜਾਦੀ ਹੈ ਤਾਂ ਉਹ ਲੋਕ ਸੰਗੀਤ ਦਾ ਰੂਪ ਧਾਰਨ ਕਰ ਲੈਦੀ ਹੈ।

ਗੁਰਮਤਿ ਸੰਗੀਤ ਵਿੱਚ ਲੋਕ ਗਾਇਨ ਸ਼ੈਲੀਆ- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਤੋ ਪਹਿਲਾ ਅਧਿਆਤਮਿਕ ਪ੍ਰੰਪਰਾ ਦੇ ਜਿੰਨੇ ਵੀ ਗ੍ਰੰਥ ਮਿਲਦੇ ਹਨ, ਉਨ੍ਹਾਂ ਵਿੱਚ ਪ੍ਰਮਾਤਮਾਂ ਦੀ ਉਸਤਤ ਸੰਬੰਧੀ ਰਚਨਾਵਾਂ ਸੰਗੀਤਮਈ ਢੰਗ ਵਿੱਚ ਰਚਿਤ ਤਾਂ ਮਿਲਦੀਆ ਹਨ ,ਪ੍ਰੰਤੂ ਉਨ੍ਹਾਂ ਵਿੱਚ ਸੰਗੀਤ ਦਾ ਇੱਕ ਖਾਸ ਪ੍ਰਬੰਧ ਦੇਖਣ ਨੂੰ ਨਹੀ ਮਿਲਦਾ, ਜਿਵੇ ਵੈਦਿਕ ਕਾਲ ਵਿੱਚ ਰਚਿਤ ਵੇਦਾਂ ਦੇ ਮੰਤਰ, ਪੁਰਾਨਿਕ ਕਾਲ ਵਿੱਚ ਗੌਸੁਆਮੀ ਤੁਲਸੀ ਦਾਸ ਰਚਿਤ 'ਰੁਦ੍ਰਾਸ਼ਟਿਕ' ਅਤੇ ਰਾਮਚਰਿਤ ਮਾਨਸ ਦੇ ਸਤੋਤਰ, ਰਮਾਇਣ, ਮਹਾਂਭਾਰਤ ਵਿਚਲੇ ਸਲੋਕ ਸੰਗੀਤਮਈ ਹਨ ਅਤੇ ਇਨ੍ਹਾਂ ਵਿੱਚ ਗਾਇਨ, ਵਾਦਨ, ਨ੍ਰਿਤ ਅਤੇ ਤਾਲ ਆਦਿ ਵਿਭਿੰਨ ਅੰਗਾਂ ਦੇ ਪ੍ਰਕਾਰਾਂ ਦਾ ਵੀ ਜਿਕਰ ਮਿਲਦਾ ਹੈ।

ਮੱਧ ਕਾਲ ਵਿੱਚ ਸਿੱਧਾਂ ਅਤੇ ਨਾਥਾਂ ਦੁਆਰਾ ਰਚਿਤ ਪਦਿਆਂ ਦੇ ਨਾਲ ਰਾਗਾਂ ਦਾ ਵੀ ਉਲੇਖ ਮਿਲਦਾ ਹੈ, ਜਿਸ ਤੋ ਸੰਗੀਤ ਪ੍ਰਥਾ ਬਾਰੇ ਪਤਾ ਲਗਦਾ ਹੈ। ਇਸ ਤੋ ਇਲਾਵਾ ਭਗਤੀ ਲਹਿਰ ਅਧੀਨ ਜੈਦੇਵ ਦੁਆਰਾ ਰਚਿਤ 'ਗੀਤ ਗੋਬਿੰਦ' ਸੂਰਦਾਸ ਰਚਿਤ 'ਸੁਰਸਾਗਰ' ਅਤੇ ਮੀਰਾ ਬਾਈ ਸੁਆਮੀ ਹਰੀ ਦਾਸ ਦੁਆਰਾ ਕ੍ਰਿਸ਼ਨ ਭਗਤੀ ਦੇ ਅੰਤਰਗਤ ਕ੍ਰਿਸ਼ਨ ਦੀਆ ਲੀਲਾਵਾਂ ਦਾ ਚਿੱਤਰਣ ਗਾਇਨ ਸ਼ੈਲੀ ਪ੍ਰਬੰਧ ਪਦ ਅਧੀਨ ਵੱਖ-ਵੱਖ ਰਾਗਾਂ ਵਿੱਚ ਅੰਕਿਤ ਮਿਲਦਾ ਹੈ।

ਗੁਰੂ ਸਾਹਿਬਾਨ ਨੇ ਵੱਖ-ਵੱਖ ਰਾਗਾਂ ਵਿੱਚ ਉਸ ਸਮੇ ਵਿੱਚ ਪ੍ਰਚਿੱਲਤ ਲੋਕ ਗੀਤਾਂ ਦੀ ਧਾਰਨਾ ਰੂਹ ਤੇ ਲਹਿਜਾ ਅੰਕਿਤ ਕਰਕੇ ਇਸ ਬਾਣੀ ਨੂੰ ਤੇ ਇਸਦੇ ਨਾਲ ਹੀ 'ਧੁਰ ਕੀ ਬਾਣੀ' ਦੇ ਕੀਰਤਨ ਪ੍ਰਵਾਹ ਨੂੰ ਆਮ ਲੋਕਾਂ ਦੇ ਘਰਾਂ ਤੱਕ ਪੁਹੰਚਾ ਦਿੱਤਾ। ਲੋਕਾਂ ਦੀਆ ਰਸਮਾਂ-ਰੀਤਾਂ ਤੇ ਰਵਾਇਤਾਂ ਨੂੰ ਬਾਣੀ ਰਾਂਹੀ ਸੰਭਾਲਿਆ ਅਤੇ ਅਗਲੇਰੀਆਂ ਪੀੜੀਆਂ ਨੂੰ ਵੀ ਵਿਰਸੇ ਦੇ ਰੂਪ ਵਿੱਚ ਪੇਸ਼ ਕੀਤਾ। ਗੁਰਬਾਣੀ ਵਿੱਚ ਆਏ ਲੋਕ ਗਾਇਨ ਰੂਪਾਂ ਨੂੰ ਗੁਰਮਤਿ ਸੰਗੀਤ ਪ੍ਰਬੰਧ ਅਧੀਨ ਰੱਖ ਕੇ ਇਨ੍ਹਾਂ ਵਿਚਲੇ ਰੂਪ ਨੂੰ ਆਪ ਸੰਗਤਾਂ ਸਾਹਮਣੇ ਸੰਚਾਰਿਤ ਕਰਨ ਲਈ ਅੰਕਿਤ ਕੀਤਾ ਗਿਆ।

ਇਨ੍ਹਾਂ ਲੋਕ ਗਾਇਨ ਸ਼ੈਲੀਆ ਨੂੰ ਰਾਗ, ਧੁਨੀ, ਰਹਾਉ, ਆਦਿ ਸੰਕੇਤਾਂ ਨਾਲ ਸਜੋ ਕੇ ਸੰਚਾਰਿਤ ਕੀਤਾ ਗਿਆ ਹੈ। ਇਥੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਛੰਤ, ਘੋੜੀ, ਫੁਨਹੇ, ਮੰਜਲੀ, ਬਾਰਾਮਾਹਾ, ਥਿਤੀ, ਗੁਣਵੰਤੀ, ਬਿਰਹੜ੍ਹੇ, ਕਰਹਲੇ, ਵਣਜਾਰਾ, ਕਾਫੀ, ਵਾਰ, ਅਲਾਹੁਣੀ, ਮੁੰਦਾਵਣੀ ਆਦਿ ਕਾਵਿ ਰੂਪਾਂ ਦੀ

ਗਾਇਨ ਵਿਧੀ ਅਤੇ ਕੀਰਤਨਕਾਰਾਂ ਜਾਂ ਵਿਦਿਆਰਥੀਆਂ ਨੇ ਉਸਦਾ ਗਾਇਨ ਸੰਗੀਤ ਪੱਖੋ ਕਿਸੇ ਤਰ੍ਹਾਂ ਕਰਨਾ ਹੈ।

1 ਛੰਤ:- ਲੋਕ ਸਾਹਿਤ ਵਿੱਚ ਇਸਤਰੀਆਂ ਦੇ ਵਿਸ਼ੇਸ਼ ਕਿਸਮ ਦੇ ਪ੍ਰੇਮ ਗੀਤਾਂ ਨੂੰ ਛੰਤ ਕਿਹਾ ਜਾਂਦਾ ਹੈ।ਛੰਤ ਜਾਂ ਛੰਦ ਪੰਜਾਬੀ ਲੋਕ ਕਾਵਿ ਦਾ ਸਿੰਗਾਰਮਈ ਰੂਪ ਹੈ ਜੋ ਸਿੰਗਾਰ ਕਾਵਿ ਦਾ ਉੱਤਮ ਨਮੂੰਨਾ ਹੈ। ਮਹਾਨਕੋਸ਼ ਅਨੁਸਾਰ ਪਦਯ ਕਾਵਯ ਦਾ ਨਾਮ ਛੰਦ ਹੈ, ਇਸ ਸਿਰਲੇਖ ਹੇਠ ਅਨੇਕ ਜਾਤੀਆਂ ਦੇ ਛੰਦ ਆਏ ਹਨ। ਛੰਤ ਸਬਦ ਛੰਦ ਦਾ ਹੀ ਬਦਲਿਆ ਰੂਪ ਹੈ। ਜਨ ਸਧਾਰਨ ਵਿੱਚ ਇਸ ਸਬਦ ਦੀ ਵਰਤੋ ਉਨ੍ਹਾਂ ਲੋਕ ਗੀਤਾਂ ਲਈ ਹੁੰਦੀ ਹੈ, ਜੋ ਵਿਆਹ ਦੇ ਮੰਗਲਮਈ ਅਵਸਰ ਉਤੇ ਜੀਜਾ ਆਪਣੀਆਂ ਸਾਲੀਆਂ ਨੂੰ ਸੁਣਾਉਦਾ ਹੈ।

ਪੰਜਾਬੀ ਲੋਕ ਛੰਤ ਵਿੱਚ ਛੰਤ ਦੀਆਂ ਤੁਕਾਂ ਨੂੰ ਦੋ ਭਾਗਾਂ ਵਿੱਚ ਵਿਭਾਜਿਤ ਕਰਕੇ ਹਰ ਭਾਗ ਦੇ ਅਖੀਰਲੇ ਸਬਦ ਨੂੰ ਟਿਕਾਅ ਸਹਿਤ ਗਾਇਨ ਕੀਤਾ ਜਾਂਦਾ ਹੈ, ਇਹ ਜਿਆਦਾਤਰ ਖਮਾਜ, ਪੀਲੂ ਰਾਗਾਂ ਵਿੱਚ ਗਾਏ ਜਾਦੇ ਹਨ। ਗੁਰੂ ਗ੍ਰੰਥ ਸਾਹਿਬ ਵਿੱਚ ਬਾਣੀ ਵਿੱਚ ਵੀ ਛੰਤ ਦੇ ਉਕਤ ਗਾਇਨ ਸ਼ੈਲੀ ਦਾ ਪ੍ਰਯੋਗ ਮਿਲਦਾ ਹੈ। ਇਹ ਛੰਤ ਰਾਗ ਸ੍ਰੀ ਗਉੜੀ, ਆਸਾ, ਬਿਹਾਗੜਾ, ਵਡਹੰਸ, ਜੈਤਸਿਰੀ, ਸੂਹੀ, ਬਿਲਾਵਲ, ਤੁਖਾਰੀ, ਕੇਦਾਰਾ ਅਤੇ ਕਾਨੜਾ ਆਦਿ ਰਾਗਾ ਵਿੱਚ ਗਾਇਨ ਕਰਨ ਲਈ ਗੁਰੂ ਸਾਹਿਬਨ ਨੇ ਦਰਜ ਕੀਤੇ ਹਨ। ਉਦਾਹਰਣ ਵਜੋ-

ਆਸਾ ਮਹੱਲਾ ੪, ਛੰਤ ਘਰ ੪।।
ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਤ ਰਤੰਨਾ ਰਾਮ ਰਾਜੇ।।
ਮਨੁ ਰਾਮਿ ਕਸਵਟੀ ਲਾਇਆ ਕੰਚਨੁ ਸੋਵਿੰਨਾ।।
ਗੁਰਮੁਖਿ ਰੰਗਿ ਚਲੂਲਿਆ ਮੇਰਾ ਮਨੁ ਤਨੋ ਭਿੰਨਾ।।
ਜਨੁ ਨਾਨਕ ਮੁਸਕਿ ਝਕੋਲਿਆ
ਸਭ ਜਨਮੁ ਧਨੁ ਧੰਨਾ ।।

ਆਸਾ ਦੀ ਵਾਰ ਦੇ ਗਾਇਨ ਸਮੇ ਗੁਰੂ ਰਾਮਦਾਸ ਜੀ ਦੇ 24 ਛੰਤ ਗਾਏ ਜਾਂਦੇ ਹਨ ।ਇਨ੍ਹਾਂ ਛੰਤਾਂ ਦਾ ਰੋਜਾਨਾ ਗਾਇਨ ਕਰਨ ਦੀ ਵਡਮੁੱਲੀ ਪ੍ਰੰਪਰਾ ਗੁਰੂ ਸਾਹਿਬਾਨ ਦੇ ਸਮੇ ਤੋ ਅੱਜ ਤੱਕ ਚਲੀ ਆ ਰਹੀ ਹੈ।

ਘੋੜੀਆਂ:- ਘੋੜੀ ਸ਼ਬਦ ਵਿਉਤਪਤੀ ਦੇ ਪੱਖੋ ਸੰਸਕ੍ਰਿਤ ਦੇ ਸ਼ਬਦ ਘੋਟਕ ਤੋ ਬਣਿਆ ਹੈ। ਰੂਪ ਵਟਾ ਕੇ ਇਹੋ ਸ਼ਬਦ ਪ੍ਰਾਕਿਤੀ ਵਿੱਚ ਘੋੜਾ ਸਬਦ ਹੀ ਪ੍ਰਚਲਿਤ ਹੈ। ਘੋੜੀ ਇਸਦਾ ਇਸਤਰੀ ਲਿੰਗ ਹੈ ਅਤੇ ਘੋੜੀਆਂ ਬੁਹਵਚਨ ਹਨ। ਘੋੜੀਆਂ ਪੰਜਾਬੀ ਲੋਕ ਗੀਤਾਂ ਦਾ ਹੀ ਇੱਕ ਭੇਦ ਹਨ।ਵਿਆਹ ਦੇ ਮੌਕੇ ਜਦੋ ਦੂਲ੍ਹਾ ਘੋੜੀ ਤੇ ਚੜ੍ਹਦਾ ਹੈ ਤਾਂ ਭੈਣਾਂ ਅਤੇ ਦੂਜੀਆਂ ਔਰਤਾਂ ਜੋ ਗੀਤ ਗਾਉਦੀਆ ਹਨ, ਉਹ ਘੋੜੀਆਂ ਅਖਵਾਉਦੀਆ ਹਨ।

ਸ੍ਰੀ ਗੁਰੂ ਰਾਮਦਾਸ ਜੀ ਨੇ ਇਸ ਲੋਕ ਕਾਵਿ ਨੂੰ ਬਾਣੀ ਦੇ ਸੰਚਾਰ ਲਈ ਪ੍ਰਯੋਗ ਕੀਤਾ ਹੈ ਅਤੇ ਰਾਗ ਵਡਹੰਸ ਵਿੱਚ ਘੋੜੀਆਂ ਰਚੀਆਂ, ਜਿਨ੍ਹਾ ਵਿੱਚ ਨਾਮ ਸਿਮਰਨ ਨਾਲ ਲੋਕ ਪ੍ਰਲੋਕ ਨੂੰ ਸੁਖੀ ਬਣਾਉਣ ਦਾ ਉਪਦੇਸ਼ ਦਿੱਤਾ, ਮੁਨੱਖੀ ਦੇਹ ਨੂੰ ਘੋੜੀ ਦੇ ਰੂਪ ਵਿੱਚ ਦਰਸਾਕੇ ਪ੍ਰਮਾਤਮਾ ਦੇ ਗੁਣ ਗਾਣ ਦੀ ਕਾਠੀ ਪਾ, ਜੀਵ ਆਤਮਾ ਇਸ ਕਠਿਨ ਸੰਸਾਰ ਮਾਰਗ ਵਿੱਚੋ ਲੰਘ ਕੇ ਪ੍ਰਲੋਕ ਵਿਚਰਣ ਤੇ ਉਸ ਉਪਰ ਗੁਰ ਗਿਆਨ ਦੀ ਲੰਗਾਮ ਅਤੇ ਪ੍ਰੇਮ ਦੀ ਚਾਬੁਕ ਦੇ ਪ੍ਰਯੋਗ ਸਬੰਧੀ ਵੀ ਵਰਣਨ ਹੈ।

3 ਵਾਰ :- ਵਾਰ - ਬੀਰ ਰਸੀ ਲੋਕ ਕਾਵਿ ਰੂਪ ਹੈ, ਜਿਸ ਵਿੱਚ ਕਿਸੇ ਯੋਧੇ ਜਾਂ ਸੂਰਬੀਰ ਦੀ ਸੂਰਬੀਰਤਾ ਦਾ ਵਰਣਨ ਕੀਤਾ ਜਾਂਦਾ ਹੈ। ਵਾਰ ਦੇ ਗਾਇਨ ਲਈ ਸਾਰੰਗੀ ਅਤੇ ਢੱਡ ਦਾ ਪ੍ਰਯੋਗ ਕੀਤਾ ਜਾਂਦਾ ਹੈ। ਵਾਰ ਕਾਵਿ ਰੂਪ ਨੂੰ ਗੁਰੂ ਗ੍ਰੰਥ ਸਾਹਿਬ ਵਿੱਚ ਵਿਸ਼ੇਸ਼ ਸਥਾਨ ਪ੍ਰਾਪਤ ਹੋਇਆ ਹੈ। ਗੁਰਬਾਣੀ ਵਿੱਚ ਵਾਰ ਕਾਵਿ ਰੂਪ ਦਾ ਪ੍ਰਯੋਗ ਸਭ ਤੋ ਪਹਿਲਾਂ ਗੁਰੂ ਨਾਨਕ ਦੇਵ ਜੀ ਨੇ ਕੀਤਾ ਅਤੇ ਉਸ ਤੋ ਪਿਛੋ ਗੁਰੂ ਅਮਰਦਾਸ, ਗੁਰੂ ਰਾਮਦਾਸ ਅਤੇ ਗੁਰੂ ਅਰਜਨ ਦੇਵ ਨੇ ਵੀ ਵਾਰਾਂ ਦੀ ਰਚਨਾ ਕੀਤੀ। ਗੁਰੂ ਨਾਨਕ ਦੇਵ

ਜੀ ਨੇ ਤਿੰਨ ਵਾਰਾਂ ਦੀ ਰਚਨਾ ਰਾਗ-ਮਾਝ, ਆਸਾ ਅਤੇ ਮਲਾਰ ਰਾਗਾਂ ਵਿੱਚ ਕੀਤੀ। ਗੁਰੂ ਅਮਰਦਾਸ ਨੇ ਚਾਰ ਵਾਰਾਂ ਦੀ ਰਚਨਾ ਰਾਗ-ਗੂਜਰੀ, ਸੂਹੀ, ਰਾਮਕਲੀ ਅਤੇ ਮਲਾਰ ਆਦਿ ਰਾਗਾਂ ਵਿੱਚ, ਗੁਰੂ ਰਾਮ ਦਾਸ ਜੀ ਨੇ ਵਾਰਾਂ ਦੀ ਰਚਨਾ ਰਾਗ ਸਿਰੀ, ਗਉੜੀ, ਬਿਹਾਗੜਾ, ਵਡਹੰਸ, ਸੋਰਠਿ, ਬਿਲਾਵਲ, ਸਾਰੰਗ ਅਤੇ ਕਾਨੜਾ ਆਦਿ ਰਾਗਾਂ ਵਿੱਚ ਅਤੇ ਗੁਰੂ ਅਰਜਨ ਦੇਵ ਜੀ ਨੇ ਗੂਜਰੀ, ਜੈਤਸਰੀ, ਰਾਮਕਲੀ, ਮਾਰੂ ਅਤੇ ਬਸੰਤ ਇਤਿਆਦ ਰਾਗਾਂ ਵਿੱਚ ਵਾਰਾਂ ਦੀ ਰਚਨਾ ਕੀਤੀ , ਗੁਰੂ ਗ੍ਰੰਥ ਸਾਹਿਬ ਵਿੱਚ 22 ਵਾਰਾਂ ਦਰਜ ਹਨ। ਜਿਨ੍ਹਾਂ ਵਿੱਚ 20 ਵਾਰਾਂ ਸਲੋਕਾਂ ਸਮੇਤ ਹਨ, 21 ਵਾਰਾਂ ਦੀ ਰਚਨਾ ਗੁਰੂ ਸਾਹਿਬਾਨ ਨੇ ਕੀਤੀ, 1 ਵਾਰ ਰਾਏ ਬਲਵੰਡ ਅਤੇ ਸੱਤੇ ਦੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਦਰਜ 22 ਵਾਰਾ ਵਿੱਚੋ 9 ਵਾਰਾਂ ਗਾਇਨ ਸ਼ੈਲੀ ਵਿਸ਼ੇਸ਼ ਸਥਾਨ ਰੱਖਦੀਆ ਹਨ, ਵਿਸੇਸ਼ ਧੁਨੀ ਸਿਰਲੇਖ ਹੇਠ ਦਰਜ ਹਨ।

4 ਅਲਾਹੁਣੀਆਂ:- ਅਲਾਹੁਣੀਆ ਦਾ ਸ਼ਾਬਦਿਕ ਅਰਥ ਸੋਗਮਈ ਗੀਤ ਹਨ। ਜਿਨ੍ਹਾਂ ਵਿੱਚ ਮ੍ਰਿਤਕ ਨੂੰ ਅਲਾਹਿਆ ਜਾਦਾ ਹੈ, ਉਸਦਾ ਪ੍ਰਾਣੀ ਦੇ ਗੁਣ ਕਰਮ ਦੱਸ ਕੇ ਇਸਤਰੀਆਂ ਦੁਆਰਾ ਕੀਰਨੇ ਜਾਂ ਵੈਣ ਪਾਏ ਜਾਦੇ ਹਨ ਉਸਨੂੰ ਅਲਾਹੁਣੀਆ ਕਿਹਾ ਜਾਂਦਾ ਹੈ। ਅਲਾਹੁਣੀ ਪਦਵਾਲਮੁ ਸੰਸਕ੍ਰਿਤੀ ਪਦਾ ਅਲਾਪਨਾ ਹੈ। ਜਿਸਦਾ ਅਰਥ ਹੈ ਕਥਨ ਕਰਨਾ।

ਗੁਰੂ ਨਾਨਕ ਦੇਵ ਜੀ ਨੇ ਇਸ ਕਾਵਿ ਗਾਇਨ ਸੈਲੀ ਦੀ ਮਹੱਤਤਾ ਨੂੰ ਅਨੁਭਵ ਕਰਕੇ ਰਾਗ ਵਡਹੰਸ ਅਧੀਨ ਅਲਾਹੁਣੀਆਂ ਸਿਰਲੇਖ ਹੇਠ ਪੰਜ ਸਬਦਾਂ ਦੀ ਅਤੇ ਗੁਰੂ ਅਮਰਦਾਸ ਜੀ ਨੇ ਚਾਰ ਸਬਦਾ ਦੀ ਰਚਨਾ ਕੀਤੀ ਹੈ। ਗੁਰਬਾਣੀ ਅੰਤਰਗਤ ਅਲਾਹੁਣੀ ਵਿੱਚ ਸੰਸਾਰ ਨੂੰ ਨਾਸ਼ਵਾਨ ਦੱਸਦੇ ਹੋਏ ਜੀਵ ਨੂੰ ਪ੍ਰਮਾਤਮਾਂ ਦੀ ਰਜਾ ਵਿੱਚ ਰਹਿਣ, ਉੱਤਮ ਕੰਮ ਕਰਨ, ਮੌਤ ਨੂੰ ਯਾਦ ਰੱਖਣ, ਅਤੇ ਪ੍ਰਭੂ ਭਗਤੀ ਦਾ ਉਪਦੇਸ਼ ਦਿੱਤਾ ਹੈ।

ਅੰਜਲੀ:- ਅੰਜਲੀ ਸ਼ਬਦ 'ਸੰਸਕ੍ਰਿਤ' ਦਾ ਸਬਦ ਹੈ, ਇਸਦੇ ਅਰਥ ਹਨ ਕਿ ਦੋ-ਹੱਥ ਜੋੜ ਕੇ ਬੇਨਤੀ ਕਰਨਾ । ਅੰਜਲੀ ਦਾ ਗਾਇਨ ਮਾਰੂ ਰਾਗ ਦੇ ਸੁਰਾਂ ਤੇ ਕਰਨ ਦੀ ਪ੍ਰਥਾ ਚਲੀ ਆ ਰਹੀ ਹੈ। ਗੁਰੂ ਅਰਜਨ ਦੇਵ ਜੀ ਦੀਆ ਮਾਰੂ ਰਾਗ ਵਿੱਚ ਦੋ ਅੰਜਲੀਆਂ ਦਰਜ ਹਨ।, ਇਹ ਕਾਵਿ ਰੂਪ ਦੇਵਤਿਆਂ ਅਤੇ ਪਿੱਤਰਾਂ ਨੂੰ ਪਾਣੀ ਅਰਪਨ ਕਰਨ ਦੇ ਸਬੰਧ ਵਿੱਚ ਹੈ।

ਬਾਰਾਮਾਹ :- ਬਾਰਾਮਾਹ ਦੇ ਸਬਦਿਕ ਅਰਥ ਹਨ ਹਰ ਸਾਲ ਦੇ ਬਾਰਾਂ ਮਹੀਨੇ। ਬਾਰਾਮਾਹ ਲੋਕ ਕਾਵਿ ਦੀ ਇੱਕ ਕਿਸਮ ਹੈ, ਇਸ ਵਿੱਚ ਕਿਸੇ ਵਿਯੋਗਣ ਇਸਤਰੀ ਦੇ ਹਰ ਮਹੀਨੇ ਮਹਿਸੂਸ ਕੀਤੇ ਮਾਨਸਿਕ ਦੁੱਖਾਂ ਦੀ ਮਨੋ ਵੇਦਨਾ ਦਾ ਜਿਕਰ ਹੁੰਦਾ ਹੈ। ਇਸ ਦਾ ਉਚਾਰਨ ਗੁਰੂ ਨਾਨਕ ਦੇਵ ਜੀ ਨੇ ਤੁਖਾਰੀ ਅਤੇ ਗੁਰੂ ਅਰਜਨ ਦੇਵ ਜੀ ਨੇ ਮਾਝ ਰਾਗ ਵਿੱਚ ਕੀਤਾ ਹੈ ਅਤੇ ਗੁਰਮਤਿ ਕਰਮ ਸਿਧਾਂਤਾਂ ਦੀ ਵਿਆਖਿਆ ਕੀਤੀ ਗਈ ਹੈ ਅਤੇ ਬਾਰਾਮਾਹ ਦਾ ਗਾਨ ਗ੍ਰੰਥੀਆਂ ਵੱਲੋ ਰਚਿਤ ਰਾਗਾ ਵਿੱਚ ਕਰਨ ਦੀ ਵਿਸ਼ਾਲ ਪ੍ਰੰਪਰਾ ਚਲੀ ਆ ਰਹੀ ਹੈ ਜੋ ਪ੍ਰਮੁੱਖ ਕੀਰਤਨੀਆ ਵੱਲੋ ਨਿਭਾਈ ਜਾ ਰਹੀ ਹੈ।

ਆਰਤੀ :- ਆਰਤੀ ਦੀ ਉਤਪਤੀ ਸੰਸਕ੍ਰਿਤ ਦੇ ਸਬਦ ਅਗਤ੍ਰਿਕ ਤੋ ਹੋਈ ਹੈ ਜਿਸਦਾ ਅਰਥ ਹੈ, ਕਿਸੇ ਦੇਵਤੇ ਦੀ ਮੂਰਤੀ ਅੱਗੇ ਜਾਂ ਪੂਜਨਿਕ ਹਸਤੀ ਦੇ ਸਾਹਮਣੇ ਰਾਤ ਦੇ ਸਮੇ ਪੂਜਾ ਕਰਨੀ ,ਗੁਰੂ ਨਾਨਕ ਦੇਵ ਜੀ ਅਤੇ ਹੋਰ ਕਈ ਭਗਤਾਂ ਨੇ ਜਿਆਦਾਤਰ ਧਨਾਸਰੀ ਦੇ ਸੁਰਾਂ ਨੂੰ ਹੀ ਆਰਤੀ ਲਈ ਵਰਤਿਆ ਹੈ।' ਆਰਤੀ ਗਾਇਨ ਜਿਆਦਾਤਰ ਕੇਹਰਵਾ ਤਾਲ ਵਿੱਚ ਹੁੰਦਾ ਹੈ ਅਤੇ ਸਵਾਇਆ ਦਾ ਤਾਲ ਖੇਮਟਾ ਤਾਲ ਵਿੱਚ ਕਰਕੇ ਦੋਹਰਾ, ਦਾਦਰਾ ਤਾਲ ਵਿੱਚ ਪੜਿਆ ਜਾਦਾ ਹੈ। ਸ੍ਰੀ ਗੁਰੂ ਨਾਨਕ ਦੇਵ, ਭਗਤ ਰਵਿਦਾਸ ਅਤੇ ਸੈਨ ਦੁਆਰਾ ਰਚਿਤ ਆਰਤੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ।

ਮੁੰਦਾਵਨੀ :- ਸਾਬਦਿਕ ਰੂਪ ਵਿੱਚ ਮੁੰਦਾਵਨੀ ਦਾ ਅਰਥ ਹੈ ਬੁਝਾਰਤ ਜਾਂ ਉਡਾਣੀ ਪਾਉਣਾ। ਗੁਰੂ ਗ੍ਰੰਥ ਸਾਹਿਬ ਵਿੰਚ ਮੁੰਦਾਵਨੀ ਸਬਦ ਦੋ ਰੂਪਾਂ ਵਿੱਚ ਆਇਆ ਹੈ, ਮੁੰਦਾਵਨੀ ਅਤੇ ਮੁਦਾਵਨੀ। ਮੁਦਾਵਨੀ ਮੁਦ

ਧਾਤੂ ਤੋ ਬਣਿਆ ਹੈ, ਜਿਸਦਾ ਅਰਥ ਹੈ ਪ੍ਰਸੰਨ ਕਰਨਾ, ਮੁੰਦਾਵਨੀ ਅਜਿਹਾ ਕਾਵਿ ਛੰਦ ਹੈ ਜਿਸ ਵਿੱਚ ਕਿਸੇ ਵਿਚਾਰ ਦੇ ਮੁੰਦਾ ਭਾਵ ਲੁਕਾ ਕੇ ਜਾਂ ਛੁਪਾ ਕੇ ਰੱਖਿਆ ਹੋਵੇ ਜੋ ਸੁਣਨ ਵਾਲੇ ਦੇ ਛੇਤੀ ਸਮਝ ਆ ਸਕੇ। ਜੋ ਕਾਵਿ ਦੀ ਵਿਸ਼ੇਸ਼ ਰੀਤ ਪੋਠੋਹਾਰ ਇਲਾਕੇ ਵਿੱਚ ਹੁਣ ਵੀ ਪ੍ਰਚਲਿਤ ਹੈ। ਵਿਆਹ ਦੇ ਸਮੇ ਜਦੋ ਜੰਞ ਰੋਟੀ ਖਾਣ ਲਈ ਬੈਠਦੀ ਹੈ ਤਾਂ ਲਾੜੀ ਪੱਖ ਦੀਆ ਔਰਤਾਂ ਮੁੰਦਾਵਨੀ ਰੂਪੀ ਬੁਝਾਰਤ ਬਾਰਾਤੀਆਂ ਸਾਹਮਣੇ ਪ੍ਰਸ਼ਨ ਰੱਖਦੀਆ ਹਨ ਜਿਸਨੂੰ 'ਜੰਞ ਬੰਨਣਾ' ਵੀ ਕਹਿੰਦੇ ਹਨ, ਬਰਾਤੀ ਇਸ ਬੁਝਾਰਤ ਨੂੰ ਬੁਝ ਕੇ ਹੀ ਖਾਣਾ ਖਾਂਦੇ ਹਨ। ਇਸ ਬੁਝਾਰਤ ਵਿੱਚ ਅਕਸਰ ਖਾਣੇ ਵਿਚਲੀਆਂ ਵੰਨਗੀਆਂ ਦਾ ਵਰਣਨ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਤੋ ਹੀ ਸਪੱਸ਼ਟ ਹੈ ਕਿ ਇਸ ਮਹਾਨ ਗ੍ਰੰਥ ਵਿੱਚ ਸਤ ਸੰਤੋਖ ਅਤੇ ਨਾਮ ਵਰਗੀਆ ਵਸਤਾ ਹਨ, ਜੋ ਕੁੱਲ ਜਹਾਨ ਦਾ ਉਦਾਰ ਕਰਦੀਆਂ ਹਨ, ਜੇ ਕੋਈ ਇਨ੍ਹਾਂ ਵਸਤਾ ਨੂੰ ਖਾਵੇਗਾ ਉਸਦਾ ਕਲਿਆਣ ਹੋਵੇਗਾ।

ਉਪਰੋਕਤ ਉਦਾਹਰਣਾਂ ਤੋ ਸਪੱਸ਼ਟ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਮੁੰਦਾਵਨੀ ਇੱਕ ਦਾਰਸ਼ਨਿਕ ਬੁਝਾਰਤ ਦੇ ਰੂਪ ਵਿੱਚ ਵੀ ਹੈ ਅਤੇ ਮੋਹਰ ਦੇ ਅਰਥ ਵਿੱਚ ਵੀ। ਸਿੱਖ ਪ੍ਰੰਪਰਾ ਵਿੱਚ ਮੁੰਦਾਵਨੀ ਦਾ ਗਾਇਨ ਪਾਠ ਦੇ ਭੋਗ ਸਮੇ ਅਤੇ ਸ਼ਾਮ ਵੇਲੇ ਰਹਿਰਾਸ ਪਾਠ ਉਪਰੰਤ ਕੀਤਾ ਜਾਂਦਾ ਹੈ, ਜਿਸ ਲਈ ਕਿਸੇ ਸਾਜ ਦੀ ਲੋੜ ਨਹੀ ਹੁੰਦੀ।

ਥਿਤੀ – ਥਿਤੀ ਸਬਦ ਦੇ ਅਰਥ ਠਹਿਰਾਉ, ਕਾਇਮ ਅਤੇ ਸਥਿਰ ਆਦਿ ਹਨ, ਇਹ ਲੋਕ ਕਾਵਿ ਰੂਪ ਹੈ ਜਿਸਦੀ ਰਚਨਾ ਦਾ ਆਧਾਰ ਚੰਦਰਮਾ ਦੀ ਥਿੱਤੀ ਅਨੁਸਾਰ ਹੁੰਦਾ ਹੈ। ਇਹ ਅਜਿਹੀ ਬਾਣੀ ਹੈ ਜਿਸਦੀ ਰਚਨਾ 15 ਥਿੱਤਾਂ ਦੇ ਆਧਾਰ ਤੇ ਕੀਤੀ ਗਈ ਹੈ। ਗੁਰੂ ਨਾਨਕ ਦੇਵ ਜੀ ਨੇ ਥਿੱਤੀ ਦੀ ਰਚਨਾ ਬਿਲਾਵਲ ਰਾਗ ਵਿੱਚ ਅਤੇ ਭਗਤ ਕਬੀਰ ਜੀ ਨੇ ਗਾਉੜੀ ਰਾਗ ਵਿੱਚ ਕੀਤੀ ਹੈ।

ਪੁਸਤਕ ਸੂਚੀ


1 ਸੰਗੀਤ ਰੂਪ 1– ਡਾਂ ਦਵਿੰਦਰ ਕੌਰ

2 ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ– ਡਾਂ ਗੁਰਨਾਮ ਸਿੰਘ, ਪਬਲਿਕੇਸ਼ਨ ਬਿਊਰੋ,ਪੰਜਾਬੀ ਯੂਨੀਵਰਸਿਟੀ ਪਟਿਆਲਾ।

3 ਗੁਰਮਤਿ ਸੰਗੀਤ ਵਿੱਚ ਪ੍ਰਯੁਕਤ ਲੋਕ ਸੰਗੀਤਕ ਤੱਤ –ਗੁਰਪਤਾਪ ਸਿੰਘ ਗਿੱਲ ਪਬਲਿਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ ਪਟਿਆਲਾ।

4 ਗਾਇਨ ਕਲਾਂ–ਡਾਂ ਯਸ਼ਪਾਲ ਸ਼ਰਮਾ ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

5 ਪੜਤਾਲ ਸ਼ਬਦ ਗਾਇਕੀ– ਕੰਵਲਜੀਤ ਸਿੰਘ, ਡਾਂ ਮਨਪ੍ਰੀਤ ਸਿੰਘ ਪਬਲਿਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ।

6 ਸ੍ਰੀ ਗੁਰੂ ਗ੍ਰੰਥ ਸਾਹਿਬ ਰਾਗ ਰਤਨਾਕਰ– ਡਾਂ ਗੁਰਨਾਮ ਸਿੰਘ, ਧਰਮ ਪ੍ਰਚਾਰ ਕਮੇਟੀ, ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,

7 ਸੰਗੀਤ ਸਾਰ–ਵੀਨਾ ਮਾਨਕਰਣ, ਰਾਜ ਪਬਲਿਸ਼ਰਜ਼ (ਰਜ਼ਿ)



Email : kasid1991@gmail.com

# Celestial Music-Anhad Naad
# Gurbani's Perspective

**S. Baljeet Singh**

Celestial Music has been defined as pertaining to the sky or invisible heaven or the universe beyond the earth's atmosphere, as in celestial body. According to Wikipedia, it is a philosophical concept that regards proportions in the movements of celestial bodies- the Sun, Moon and Planets; as a form of music. The theory which originated in ancient Greece, was later developed by astronomer Johannes Kepler. He didn't believe this music to be audible, but felt that it could nevertheless be heard by the soul.

Phythagoras, a renowned Greek philosopher, (570-495 BC) proposed that the Sun, Moon and Planets, all emit their own unique 'hum' based on their orbital revolution and that quality of life on Earth reflects the tenor of celestial sounds which are physically imperceptible to the human ear.

William Shakespeare(1582-1616) makes reference to the music of the spheres in 'The Merchant of Venice'. Therein he refers to this music like that or an angel, which is in harmony with immortal souls, though very close to earth but we can't hear it.

Anhad Naad is the sound of the cosmos within the mind and not to be confused with external vibrations. The sound of cosmos can resonate within, if one tunes into this energy. Only by following the rules of nature and realizing the patterns and disciplines of the cosmos, one can find this hidden energy of internal sound. To start the internal harmonies one needs to recite melodies with their own voice, the singing of Gurbani Kirtan, Simran, Mantras will invoke the internal symphonies. (sikhiwiki.org)

The complicated and perplexed issues pertaining to Universe, Nature or Human beings, like the present one are explained more elaborately and in a clear manner by spiritually elated souls. Celestial music or Anhad Naad, has also been defined as the sound which exists and is not produced by striking two objects. This is the sound of the cosmos and of human consciousness, an ultimate sound that transcends space and time, a sound that has no beginning or end.

The Divine Word is experienced as musical 'Dhun' or celestial melody, whereby the human soul comprehends the incomprehensible. The 'Akath Kahani' becomes more meaningful. The mind is attuned (to God through celestial music), and in meditation, by the Guru's grace, the unutterable story (ultimate reality) comprehended.

The articulation of an experience which was essentially a mystical one and

hence, according to Guru Nanak himself, was incapable of being translated in communicable terms, was indeed beyond human expressions. Just as the fragrance is infused in the flower and light of the sun hidden in the colours, similarly, the essence of divine expressions resulting from super consciousness is summed up in Anhad Naad. The chanting of Mantras(Simran), we try to invoke the Pure Being, who resides within. Thus, the Mantras is the Name of the Inner Being whom we are calling or want to Realize. Therefore, if chanted with concentration, intuitive understanding, determination, constancy, assiduousness and feeling, the Mantra will open a person to themselves- it will bring the person face to face with the Divine Light within. Gurbani imparts the knowledge(Atam Gian) which removes the veil of ignorance that separates us from God. (sikhiwiki.org)

ਧੁਨਿ ਮਹਿ ਧਿਆਨੁ ਧਿਆਨ ਮਹਿ ਜਾਨਿਆ ਗੁਰਮੁਖਿ ਅਕਥ ਕਹਾਨੀ ॥ (sggs-879)

The meditation is in the music, and knowledge is in meditation. Become Gurmukh,and speak the Unspoken Speech.'Anhad', 'Anhat', 'Panch Shabad', 'Sehaj Dhun', 'Anhad Naad', 'Ajaapa Jaap' are similar words used in Gurbani which broadly convey the same meaning. We would like to elaborate this extremely fascinating yet complicated matter through Gurbani.

ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥
The nine treasures are in the Ambrosial Name of God.
ਦੇਹੀ ਮਹਿ ਇਸ ਕਾ ਬਿਸ੍ਰਾਮੁ ॥
Within the human body is its place of rest.
ਸੁਨਿ ਸਮਾਧਿ ਅਨਹਤ ਤਹ ਨਾਦ ॥
The Deepest Samaadhi, and the unstruck sound current of the Naad are there.
ਕਹਨੁ ਨ ਜਾਈ ਅਚਰਜ ਬਿਸਮਾਦ ॥ (sggs-293)
The wonder and marvel of it cannot be described.
ਇਸੁ ਕਾਇਆ ਅੰਦਰਿ ਵਸਤੁ ਅਸੰਖਾ ॥
Within this body are countless objects.
ਗੁਰਮੁਖਿ ਸਾਚੁ ਮਿਲੈ ਤਾ ਵੇਖਾ ॥
The Gurmukh attains Truth, and comes to see them.
ਨਉ ਦਰਵਾਜੇ ਦਸਵੈ ਮੁਕਤਾ ਅਨਹਦ ਸਬਦੁ ਵਜਾਵਣਿਆ ॥ (sggs-110)
Beyond the nine gates, the Tenth Gate is found, and liberation is obtained. The Unstruck Melody of the Shabad vibrates.
ਗੁਰਬਾਣੀ ਸੁਣਤ ਮੇਰਾ ਮਨੁ ਦ੍ਰਵਿਆ ਮਨੁ ਭੀਨਾ ਨਿਜ ਘਰਿ ਆਵੈਗੋ ॥
Hearing the Word of the Guru's Bani, my mind has been softened and saturated with it; my

mind has returned to its own home deep within.
ਤਹ ਅਨਹਤ ਧੁਨੀ ਬਾਜਹਿ ਨਿਤ ਬਾਜੇ ਨੀਝਰ ਧਾਰ ਚੁਆਵੈਗੋ॥ (sggs-1308)
The Unstruck Melody resonates and resounds there continuously; the stream of nectar trickles down constantly.
ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ॥
Remembering God, the unstruck melody vibrates.
ਸੁਖੁ ਪ੍ਰਭ ਸਿਮਰਨ ਕਾ ਅੰਤ ਨ ਪਾਰ॥ (sggs-263)
The peace of the meditative remembrance of God has no end or limitation.
ਪੰਚ ਸਖੀ ਮਿਲਿ ਮੰਗਲੁ ਗਾਇਆ॥
The five companions have met together to sing the songs of joy.
ਅਨਹਦ ਬਾਣੀ ਨਾਦੁ ਵਜਾਇਆ॥ (sggs-375)
The unstruck melody, the sound current of the Naad, vibrates and resounds.
ਮਾਈ ਰੀ ਪੇਖਿ ਰਹੀ ਬਿਸਮਾਦ॥
O mother, I am wonder-struck, gazing upon the Lord.
ਅਨਹਦ ਧੁਨੀ ਮੇਰਾ ਮਨੁ ਮੋਹਿਓ ਅਚਰਜ ਤਾ ਕੇ ਸ੍ਵਾਦ॥ (sggs-1226)
My mind is enticed by the unstruck celestial melody; its flavor is amazing!
ਅਦਿਸਟੁ ਅਗੋਚਰੁ ਗੁਰ_ਬਚਨਿ ਧਿਆਇਆ ਪਵਿਤ੍ਰ ਪਰਮ ਪਦੁ ਪਾਇਆ॥
I have meditated on the invisible and unapproachable Lord, through the Guru's Word, and I have obtained the pure, supreme status.
ਅਨਹਦੁ ਧੁਨਿ ਵਾਜਹਿ ਨਿਤ ਵਾਜੇ ਗਾਈ ਸਤਿਗੁਰ ਬਾਣੀ ॥ (sggs-442)
The unstruck melody resounds, and the instruments ever vibrate, singing the Bani of the True Guru.

The above stated Gurbani quotes makes it amply clear as to what the 'Anhad Naad' is and how our soul can listen to the same. The impact of listening it has also been clarified in the Gurbani. It is the highest stage of the human consciousness. The un-describable has been described which only a 'Gurmukh' can understand.

Further, according to Gurbani, the experience of listening 'Anhad Naad' or the state of Bliss or the "Ananda'; all represent the indescribable, highest state of mind and consciousness. No worldly happiness and pleasure is comparable to a fraction of this state and no worldly sorrows and afflictions can unbalance or shake this 'Anhad Naad' or 'Bliss' because once a soul is submerged in this Nectar, one completely transcends all pleasant and unpleasant dimensions of living experience. All 'Celestial singers' and 'Raags' join in this symphony of ecstasy. According to Gurbani, it is 'Sadeevi Sukh', perpetual joy, infinite and supreme heavenly state, true

affection for Eternity, never changing and always there.

Once having reached this state, one rises far above all dualities. This is totally different from worldly pleasure or joy and is not dependent on worldly objects. The experience of this state of 'Anhad Naad' or the 'Ananda', will not diminish in adversity as it is perpetual in all ups & downs of life. It transcends pleasure and pain, joy and sorrow. One feels, behold and experiences only the Eternal presence of the Lord every moment of one's earthly life.

According to S.Ganda Singh ( a Scholar & a pious soul), regular mediation-recitation of Shabad 'Waheguru', wandering of mind is controlled and concentration sets in, leaving to 'Ajapa Jap' (soundless sound)and experiencing of 'Inner light'. It is higher state, which ultimately results into total concentration in the "Naam' (God's name). One experiences Anhad Naad, having reached this state. It is one's individual and personal experience, not describable, as it is beyond the jugglery of words. Experiences of the individuals are likely to differ, as it is indescribable. One is completely drenched in Ambrosial Nectar at this stage.

ਓਥੈ ਅਨਹਦ ਸਬਦ ਵਜਹਿ ਦਿਨੁ ਰਾਤੀ ਗੁਰਮਤੀ ਸਬਦੁ ਸੁਣਾਵਣਿਆ ॥(sggs-124)

There, the Unstruck Melody of the Shabad vibrates day and night. Through the Guru's Teachings, the Shabad is heard.

ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੈ॥

Those who have such pre-ordained destiny are attached to the Lord's Name.

ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ (sggs-917)

Says Nanak, they are at peace, and the unstruck sound current vibrates within their homes.

Listening and singing Gurbani, Waheguru simran, elates the soul to the higher, nay highest level of consciousness, wherein one is able to listen from within this 'Anhad Naad' the celestial music, which is without striking or causing reverberations. The feeling is indescribable, the one who experiences reaches the stage, wherein all the nine revealed doors of the human body are closed and the tenth hidden door is revealed, enabling experience of 'Anhad Naad'.

Only God bless souls reach that level.

E-mail: baljeets1402@gmail.com

**ਗੁਰਮਤਿ ਸੰਗੀਤ ਚੇਅਰ ਵੱਲੋਂ ਅਕਤੂਬਰ–ਨਵੰਬਰ 2022 ਦੌਰਾਨ ਕਰਵਾਏ ਗਏ ਸਮਾਗਮਾਂ ਦੀ ਰਿਪੋਰਟ**

# ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਸਿਮ੍ਰਤੀ ਸਮਾਰੋਹ

**(ਮਿਤੀ 3.10.2022)**

ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਗੁਰਮਤਿ ਸੰਗੀਤ ਚੇਅਰ ਵਲੋਂ ਸੰਗੀਤ ਵਿਭਾਗ ਦੇ ਸਹਿਯੋਗ ਨਾਲ ਕਲਾ ਭਵਨ ਵਿਖੇ ਗੁਰਮਤਿ ਸੰਗੀਤਾਚਾਰੀਆ ਪ੍ਰੋ. ਤਾਰਾ ਸਿੰਘ ਜੀ ਦੇ ਜਨਮ ਦਿਵਸ ਨੂੰ ਸਮਰਪਿਤ ਸਿਮ੍ਰਤੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਆਰੰਭ ਵਿੱਚ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਆਏ ਵਿਦਵਾਨਾਂ ਅਤੇ ਮਹਿਮਾਨਾਂ ਦਾ ਸੁਆਗਤ ਕਰਦਿਆਂ ਪ੍ਰੋ. ਤਾਰਾ ਸਿੰਘ ਜੀ ਦੇ ਜੀਵਨ ਅਤੇ ਯੋਗਦਾਨ ਬਾਰੇ ਦੱਸਿਆ। ਉਪਰੰਤ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਪ੍ਰੋ. ਤਾਰਾ ਸਿੰਘ ਜੀ ਦੁਆਰਾ ਸੁਰਲਿਪੀਬੱਧ ਪੜਤਾਲ ਸ਼ਬਦ ਦਾ ਗਾਇਨ ਕੀਤਾ। ਸੰਗੀਤ ਵਿਭਾਗ ਦੇ ਪ੍ਰੋਫ਼ੈਸਰ ਅਤੇ ਮੁਖੀ ਡਾ. ਨਿਵੇਦਿਤਾ ਸਿੰਘ ਨੇ ਪ੍ਰੋ. ਸਾਹਿਬ ਦੁਆਰਾ ਰਚਿਤ ਖ਼ਿਆਲ ਦੀਆਂ ਬੰਦਿਸ਼ਾਂ ਦਾ ਰਾਗ ਦੇਸੀ, ਆਭੋਗੀ ਕਾਨ੍ਹੜਾ ਅਤੇ ਜੋਗਕੌਂਸ ਵਿਚ ਗਾਇਨ ਕੀਤਾ ਅਤੇ ਇਕ ਪੰਜਾਬੀ ਭਾਸ਼ਾਈ ਚਤੁਰੰਗ ਨਾਲ ਸਮਾਪਤੀ ਕੀਤੀ। ਸੰਗਤ ਕਲਾਕਾਰਾਂ ਵਿਚ ਸ੍ਰੀ ਜੈਦੇਵ, ਸ੍ਰੀ ਅਲੀ ਅਕਬਰ ਅਤੇ ਸ. ਰਣਜੀਤ ਸਿੰਘ ਸ਼ਾਮਲ ਸਨ। ਉਪਰੰਤ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ, ਲੁਧਿਆਣਾ ਦੇ ਨਿਰਦੇਸ਼ਕ ਡਾ. ਚਰਨ ਕਮਲ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਘਰੁ ਦਾ ਵਿਧਾਨੋ ਵਿਸ਼ੇ ਤੇ ਆਪਣਾ ਖੋਜ ਭਰਪੂਰ ਸਿਮ੍ਰਤੀ ਵਿਖਿਆਨ ਦਿੰਦਿਆਂ ਘਰੁ ਦਾ ਸਬੰਧ ਗੁਰਬਾਣੀ ਦੇ ਪਾਠ ਅਤੇ ਡੂੰਘੇ ਅਰਥਾਂ ਨਾਲ ਜੋੜਦਿਆਂ ਵਿਸਥਾਰ ਪੂਰਵਕ ਸਮਝਾਇਆ। ਪ੍ਰੋ. ਤਾਰਾ ਸਿੰਘ ਜੀ ਦੇ ਸ਼ਗਿਰਦ ਡਾ. ਜਬਰਜੰਗ ਸਿੰਘ ਨੇ ਉਹਨਾਂ ਨਾਲ ਬਿਤਾਏ ਪਲਾਂ ਨੂੰ ਸਰੋਤਿਆਂ ਨਾਲ ਸਾਂਝਾ ਕੀਤਾ। ਸਮਾਰੋਹ ਦੀ ਪ੍ਰਧਾਨਗੀ ਕਰਦਿਆਂ ਵਾਈਸ-ਚਾਂਸਲਰ ਪ੍ਰੋ. ਅਰਵਿੰਦ ਨੇ ਪ੍ਰੋ. ਤਾਰਾ ਸਿੰਘ ਵਰਗੇ ਪੁਰਾਤਨ ਸੰਗੀਤਕਾਰਾਂ ਦੀਆਂ ਲਿਖਤਾਂ ਨੂੰ ਖੋਜਣ, ਸੰਭਾਲਣ ਅਤੇ ਇਹਨਾਂ ਦਾ ਗਾਇਨ ਕਰਨ ਲਈ ਕਿਹਾ।

## ਸਿੰਘ ਸਭਾ ਲਹਿਰ : ਉਦੇਸ਼ ਅਤੇ ਸਿੱਟੇ ਵਿਸ਼ੇ ਤੇ ਆਨਲਾਈਨ ਵਿਖਿਆਨ

**(ਮਿਤੀ 20.10.2022)**

ਗੁਰਮਤਿ ਸੰਗੀਤ ਚੇਅਰ ਅਤੇ ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਵਲੋਂ ਸਾਂਝੇ ਰੂਪ ਵਿਚ ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ 27ਵੇਂ ਆਨਲਾਈਨ ਵਿਖਿਆਨ ਦਾ **ਸਿੰਘ ਸਭਾ ਲਹਿਰ : ਉਦੇਸ਼ ਅਤੇ ਸਿੱਟੇ** ਵਿਸ਼ੇ ਤੇ ਆਯੋਜਨ ਕੀਤਾ ਗਿਆ। ਵਿਖਿਆਨ ਵਿਚ ਮੁੱਖ ਵਕਤਾ ਵਜੋਂ ਖ਼ਾਲਸਾ ਕਾਲਜ, ਪਟਿਆਲਾ ਤੋਂ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਗੁਰਵੀਰ ਸਿੰਘ ਨੇ ਸੰਨ 1873 ਵਿਚ

ਸ੍ਰੀ ਅੰਮ੍ਰਿਤਸਰ ਵਿਖੇ ਸ਼ੁਰੂ ਹੋਈ ਸਿੰਘ ਸਭਾ ਲਹਿਰ ਬਾਰੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਵਿਰਸੇ ਪ੍ਰਤੀ ਗੁਆਚ ਰਹੀ ਚੇਤਨਾ ਨੂੰ ਪੁਨਰ ਜਾਗ੍ਰਿਤ ਕਰਨਾ ਇਸ ਲਹਿਰ ਦਾ ਉਦੇਸ਼ ਸੀ। ਇਸ ਸਮੇਂ ਦੌਰਾਨ ਸਿੱਖ ਸਾਹਿਤ ਪੁਸਤਕਾਂ, ਟਰੈਕਟਾਂ ਦੇ ਰੂਪ ਵਿਚ ਪ੍ਰਕਾਸ਼ਤ ਹੋਇਆ ਅਤੇ ਨਤੀਜੇ ਵਜੋਂ ਕਈ ਨਵੇਂ ਸਕੂਲ, ਕਾਲਜ, ਹਸਪਤਾਲ, ਯਤੀਮਖਾਨੇ ਆਦਿ ਸਥਾਪਤ ਹੋਏ। ਸਾਬਕਾ ਮੁਖੀ, ਅੰਗ੍ਰੇਜ਼ੀ ਵਿਭਾਗ, ਨਹਿਰੂ ਮੈਮੋਰੀਅਲ ਸਰਕਾਰੀ ਕਾਲਜ, ਮਾਨਸਾ ਅਤੇ ਸ਼੍ਰੋਮਣੀ ਸਹਿਤਕਾਰ ਪ੍ਰੋ. ਅੱਛਰੂ ਸਿੰਘ ਨੇ ਵੈਬੀਨਾਰ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਦੇ ਹੋਏ ਚੇਅਰ ਦੁਆਰਾ ਕਰਵਾਏ ਗਏ ਵਿਖਿਆਨ ਦੀ ਸ਼ਲਾਘਾ ਕੀਤੀ ਅਤੇ ਇਸ ਨੂੰ ਗਿਅਨਵਰਧਕ ਦੱਸਿਆ। ਗੁਰਮਤਿ ਗਿਆਨ ਆਨਲਾਈਨ ਸਟੱਡੀ ਸੈਂਟਰ ਦੇ ਡਾਇਰੈਕਟਰ, ਡਾ. ਮਲਕਿੰਦਰ ਕੌਰ ਅਤੇ ਇੰਚਾਰਜ, ਡਾ. ਪਰਮੀਤ ਕੌਰ ਨੇ ਵਿਸ਼ੇਸ਼ ਰੂਪ ਵਿਚ ਸ਼ਿਰਕਤ ਕੀਤੀ। ਅੰਤ ਵਿਚ ਗੁਰਮਤਿ ਸੰਗੀਤ ਚੇਅਰ ਦੇ ਇੰਚਾਰਜ ਡਾ. ਅਲੰਕਾਰ ਸਿੰਘ ਨੇ ਸ਼ਾਮਲ ਹੋਏ ਵਿਦਵਾਨਾਂ, ਸਰੋਤਿਆਂ ਤੋਂ ਇਲਾਵਾ ਚੇਅਰ ਅਤੇ ਆਨਲਾਈਨ ਸਟੱਡੀ ਸੈਂਟਰ ਦੇ ਸਟਾਫ਼ ਦਾ ਧੰਨਵਾਦ ਕੀਤਾ। ਵੈਬੀਨਾਰ ਵਿਚ ਫ਼ੈਕਲਟੀ ਮੈਂਬਰਾਨ, ਵਿਦਿਆਰਥੀਆਂ ਅਤੇ ਖੋਜਾਰਥੀਆਂ ਤੋਂ ਇਲਾਵਾ ਆਸਟਰੇਲੀਆ ਤੋਂ ਡਾ. ਸ਼ੁਭਕਰਮ ਸਿੰਘ, ਡਾ. ਬਲਵਿੰਦਰ ਪਾਲ ਸਿੰਘ, ਸਿਰਦਾਰ ਸਿੰਘ ਸੰਧੂ, ਦੇਵ ਗਿੱਲ, ਬਲਵਿੰਦਰ ਸਿੰਘ ਸਾਗਰ, ਕੁਲਦੀਪ ਸਿੰਘ ਆਦਿ ਸ਼ਾਮਲ ਹੋਏ।

## ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਚਉਕੀ ਦਾ ਮਹੱਤਵ ਵਿਸ਼ੇ ’ਤੇ ਆਨਲਾਈਨ ਵਿਖਿਆਨ (ਮਿਤੀ 23.11.2022)

ਗੁਰਮਤਿ ਵਿਖਿਆਨ ਵਿਸ਼ੇਸ਼ ਲੈਕਚਰ ਲੜੀ ਅਧੀਨ 28ਵੇਂ ਆਨਲਾਈਨ ਵਿਖਿਆਨ ਦਾ **ਗੁਰਮਤਿ ਸੰਗੀਤ ਵਿਚ ਸ਼ਬਦ ਕੀਰਤਨ ਚਉਕੀ ਦਾ ਮਹੱਤਵ** ਵਿਸ਼ੇ ‘ਤੇ ਆਯੋਜਨ ਕੀਤਾ ਗਿਆ। ਵਿਖਿਆਨ ਵਿਚ ਮੁੱਖ ਵਕਤਾ ਵਜੋਂ ਉੱਘੇ ਸਿੱਖ ਵਿਦਵਾਨ ਅਤੇ ਸਾਬਕਾ ਨਿਊਜ਼ ਰੀਡਰ, ਜਲੰਧਰ ਦੂਰਦਰਸ਼ਨ ਸ. ਤੀਰਥ ਸਿੰਘ ਢਿੱਲੋਂ ਨੇ ਉਪਰੋਕਤ ਵਿਸ਼ੇ ‘ਤੇ ਖੋਜ ਭਰਪੂਰ ਜਾਣਕਾਰੀ ਦਿੰਦਿਆਂ ਦੱਸਿਆ ਕਿ ਚਾਰ ਅੰਗਾਂ ਦੀ ਧਾਰਣੀ ਇੱਕ ਸ਼ਬਦ ਕੀਰਤਨ ਪ੍ਰਸਤੁਤੀ ਨੂੰ ਕੀਰਤਨ ਚਉਕੀ ਕਹਿੰਦੇ ਹਨ, ਜਿਸ ਵਿਚ ਸ਼ਾਨ, ਮੰਗਲਾਚਰਨ, ਸ਼ਬਦ ਗਾਇਨ ਅਤੇ ਪਉੜੀ ਗਾਇਨ ਸ਼ਾਮਲ ਹਨ। ਵਿਸ਼ੇ ‘ਤੇ ਗੱਲ ਕਰਦੇ ਹੋਏ ਆਪ ਨੇ ਸਾਰੀਆਂ ਕੀਰਤਨ ਚਉਕੀਆਂ ਦਾ ਹਵਾਲਿਆਂ ਸਹਿਤ ਵਰਣਨ ਕੀਤਾ। ਮੁੱਖ ਮਹਿਮਾਨ ਵਜੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਨੇ ਆਪਣੇ ਰੂਹਾਨੀਅਤ ਭਰੇ ਸ਼ਬਦਾਂ ਅਤੇ ਵਿਸ਼ੇ ਨਾਲ ਸਬੰਧਤ ਵਿਚਾਰਾਂ ਰਾਹੀਂ ਸਰੋਤਿਆਂ ਨਾਲ ਸਾਂਝ ਪਾਈ ਅਤੇ ਗੁਰਮਤਿ ਸੰਗੀਤ ਚੇਅਰ ਵਲੋਂ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ।

ਗੁਰਮਤਿ ਸੰਗੀਤ ਚੇਅਰ ਵੱਲੋਂ ਆਯੋਜਿਤ ਕੀਤੇ ਗਏ ਵੈਬੀਨਾਰਾਂ ਦੇ ਕੋਆਰਡੀਨੇਟਰ ਵਜੋਂ ਡਾ.

ਹਰਮਿੰਦਰ ਕੌਰ ਅਤੇ ਸ. ਜਸਬੀਰ ਸਿੰਘ ਜਵੱਦੀ ਨੇ ਕਾਰਜ ਕੀਤਾ। ਵੈਬੀਨਾਰ ਵਿੱਚ ਗੁਰਮਤਿ ਗਿਆਨ ਆਨ ਲਾਈਨ ਸਟੱਡੀ ਸੈਂਟਰ ਦੇ ਡਾਇਰੈਕਟਰ, ਡਾ. ਗੁੰਜਨਜੋਤ ਕੌਰ ਅਤੇ ਇੰਚਾਰਜ, ਡਾ. ਪਰਮੀਤ ਕੌਰ ਨੇ ਸਮੂਹ ਸਟਾਫ਼ ਸਹਿਤ ਵਿਸ਼ੇਸ਼ ਸਹਿਯੋਗ ਦਿੱਤਾ।

## ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਦੇ ਸਬੰਧ ਵਿੱਚ ਗੁਰਮਤਿ ਸਮਾਗਮ (ਮਿਤੀ 28.11.2022)

ਗੁਰਮਤਿ ਸੰਗੀਤ ਚੇਅਰ ਵੱਲੋਂ ਗੁਰਮਤਿ ਸੰਗੀਤ ਫ਼ਾਊਂਡੇਸ਼ਨ (ਰਜਿ.) ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਂਵੀ, ਬਹਾਦਰਗੜ੍ਹ (ਪਟਿਆਲਾ) ਵਿਖੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਪੁਰਬ ਨੂੰ ਸਮਰਪਿਤ ਹਰ ਸਾਲ ਦੀ ਤਰ੍ਹਾਂ ਗੁਰਮਤਿ ਸਮਾਗਮ ਕੀਤਾ ਗਿਆ, ਜਿਸ ਵਿਚ ਰਾਗੀ ਸਿੰਘਾਂ ਭਾਈ ਜਸਪ੍ਰੀਤ ਸਿੰਘ ਜੀ ਪਟਿਆਲਾ, ਭਾਈ ਸੰਦੀਪ ਸਿੰਘ ਜੀ ਹਜ਼ੂਰੀ ਰਾਗੀ ਗੁਰਦੁਆਰਾ ਸਾਹਿਬ, ਡਾ. ਮਨਜੀਤ ਸਿੰਘ ਜੀ ਫ਼ਤਿਹਗੜ੍ਹ ਸਾਹਿਬ ਅਤੇ ਭਾਈ ਵਰਿੰਦਰ ਸਿੰਘ ਜੀ ਮੁਹਾਲੀ ਵਾਲਿਆਂ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਰਾਗਾਤਮਕ ਕੀਰਤਨ ਕੀਤਾ। ਸਮਾਗਮ ਵਿਚ ਸ਼੍ਰੋਮਣੀ ਕਮੇਟੀ ਦੇ ਅੰਤਰਿੰਗ ਕਮੇਟੀ ਮੈਂਬਰ ਸ. ਜਰਨੈਲ ਸਿੰਘ ਕਰਤਾਰਪੁਰ, ਗਿਆਨੀ ਅਵਤਾਰ ਸਿੰਘ ਹੈੱਡ ਗ੍ਰੰਥੀ, ਸ. ਸੁਰਜੀਤ ਸਿੰਘ ਮੈਨੇਜਰ, ਪ੍ਰਚਾਰਕ ਸ. ਲਖਵਿੰਦਰ ਸਿੰਘ ਅਜਰਾਵਰ ਆਦਿ ਸ਼ਾਮਲ ਹੋਏ। ਗੁਰਮਤਿ ਸੰਗੀਤ ਚੇਅਰ ਵੱਲੋਂ ਕਰਵਾਏ ਗਏ ਗੁਰਮਤਿ ਸਮਾਗਮ ਦੇ ਕੋਆਰਡੀਨੇਟਰ ਵਜੋਂ ਸ. ਜਸਬੀਰ ਸਿੰਘ ਜਵੱਦੀ ਨੇ ਕਾਰਜ ਕੀਤਾ। ਸਮਾਗਮ ਵਿਚ ਇਲਾਕੇ ਦੀ ਸਮੂਹ ਸੰਗਤ ਅਤੇ ਪੰਜਾਬੀ ਯੂਨੀਵਰਸਿਟੀ ਦੇ ਵਿਦਿਆਰਥੀ, ਖੋਜਾਰਥੀ ਅਤੇ ਕਰਮਚਾਰੀ ਸ਼ਾਮਲ ਹੋਏ।

ਇੰਚਾਰਜ, ਗੁਰਮਤਿ ਸੰਗੀਤ ਚੇਅਰ
ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਤਿੰਨ ਤਾਲ: ਕਾਇਦਾ ਸੀਰੀਜ਼

ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਵਿਦਿਆਰਥੀਆਂ ਲਈ ਲੜੀਵਾਰ ਕਾਇਦਾ ਸੀਰੀਜ਼ ਅਧੀਨ **ਕਾਇਦਾ ਨੰ: 16** ਦੇ ਰਿਹਾ ਹਾਂ ਜਿਸ ਦਾ ਇਜ਼ਾਫ਼ਾ 8 ਬੰਧਾਂ ਜਰੀਏ ਕੀਤਾ ਗਿਆ ਹੈ। ਕਾਇਦੇ ਦੇ ਬੁਨਿਆਦੀ ਢਾਂਚੇ ਵਿੱਚ 8 ਮਾਤਰਾ ਦਾ ਬੁਨਿਆਦੀ ਬੋਲ ਹੈ 3 ਮਾਤਰਾ ਦਾ ਜੋੜ ਹੈ ਅਤੇ 5 ਮਾਤਰਾ ਦੀ ਰਦੀਫ਼ ਹੈ। ਇਸੇ ਤਰ੍ਹਾਂ ਹੀ ਦੂਜੇ ਹਿੱਸੇ ਵਿੱਚ 8 ਮਾਤਰਾ ਦਾ ਬੋਲ ਖਾਲੀ ਹੈ ਅਤੇ 3 ਮਾਤਰਾ ਦਾ ਜੋੜ  ਅਤੇ ਰਦੀਫ਼ ਦਾ ਬੋਲ ਭਰਿਆ ਹੈ। ਇਹ ਖ਼ਾਸ ਕਾਇਦਾ ਹੈ ਜੋ **ਕਬੂਤਰੀ ਕਾਇਦਾ** ਕਰਕੇ ਜਾਣਿਆ ਜਾਂਦਾ ਹੈ। ਇਸ ਕਾਇਦੇ ਵਿੱਚ ਕਬੂਤਰਾਂ ਦੀ ਗੁਟਗ ਗੁਟਗ ਜ਼ਰੀਏ ਗੁਫ਼ਤਗੂ ਅਤੇ ਖੰਬਾਂ ਦੀ ਫੜਫੜਾਹਟ ਦਾ ਤਸੱਵਰ ਹੈ। ਇਹ ਕਾਇਦਾ ਮੇਰੇ ਯੂ ਟਿਊਬ ਚੈਨਲ (ਪ੍ਰੋਫ਼ੈਸਰ ਹਰਭਜਨ ਸਿੰਘ ਧਾਰੀਵਾਲ) ਤੇ ਵੀ ਉਲਪਬਧ ਹੈ ਜੋ ਮੇਰੇ ਵਲੋਂ ਹੀ ਵਜਾਇਆ ਗਿਆ ਹੈ। ਕਾਇਦੇ ਦੇ ਨਿਕਾਸ ਅਤੇ ਵਧੇਰੇ ਜਾਣਕਾਰੀ ਲਈ ਸਿੱਖਆਰਥੀ ਮੈਨੂੰ ਫੋਨ ਕਰ ਸਕਦੇ ਹਨ।

## ਕਾਇਦਾ # 16

ਘੇਤ ਗਘੇ ਤਗ ਧਾਟ ਧਾਗੇ ਨਧਾ ਟਧਾ ਗੇਨ, ਧਾਤਿਰ ਕਿਟਤਕ ਤਿਰਕਿਟ ਧਾੜਾ ਘੇਘੇ ਨਗ ਤਿਨਾ ਕਿਨਾ ।
ਕੇਤ ਕਕੇ ਤਕ ਤਾਟ ਤਾਕੇ ਨਤਾ ਟਤਾ ਕੇਨ, ਧਾਤਿਰ ਕਿਟਤਕ ਤਿਰਕਿਟ ਧਾੜਾ ਘੇਘੇ ਨਗ ਧਿਨਾ ਗਿਨਾ ॥

### ਦੋਹਰਾ

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾਕਿਨਾ ।
ਕੇਤਕਕੇ ਤਕਤਾਟ ਤਾਕੇਨਤਾ ਟਤਾਕੇਨ, ਕੇਤਕਕੇ ਤਕਤਾਟ ਤਾਕੇਨਤਾ ਟਤਾਕ
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ।

### ਬੰਧ # 1

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਘੇਤਗਧਾ ਟਧਾਗੇਨ ਘੇਤਗਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾ ਕਿਨਾ ।
ਕੇਤਕਕੇ ਤਕਤਾਟ ਤਾਕੇਨਤਾ ਟਤਾਕੇਨ, ਕੇਤਕਤਾ ਟਤਾਕੇਨ ਕੇਤਕਤਾ ਟਤਾਕੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

### ਬੰਧ # 2

ਘੇਤਗਧਾ ਟਧਾਗੇਨ ਘੇਤਗਧਾ ਟਧਾਗੇਨ, ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾ ਕਿਨਾ ।
ਕੇਤਕਤਾ ਟਤਾਕੇਨ ਕੇਤਕਤਾ ਟਤਾਕੇਨ, ਕੇਤਕਕੇ ਤਕਤਾਟ ਤਾਕੇਨਤਾ ਟਤਾਕੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

### ਬੰਧ # 3

ਘੇਤਗਧਾ ਟਧਾਗੇਨ ਘੇਤਗਘੇ ਤਗਧਾਟ, ਧਾਗੇਨਧਾ ਟਧਾਗੇਨ  ਤਿਕ-ਧਾ ਟਧਾਗੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾਕਿਨਾ ।
ਕੇਤਕਤਾ ਟਤਾਕੇਨ ਕੇਤਕਕੇ ਤਕਤਾਟ, ਤਾਕੇਨਤਾ ਟਤਾਕੇਨ ਤਿਕ-ਤਾ ਟਤਾਕੇਨਾ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ  ਧਿਨਾਗਿਨਾ ॥

**ਬੰਧ # 4**

ਘੇਤਗਧਾ ਟਧਾਗੇਨ ਤਿਕ-ਧਾ ਟਧਾਗੇਨ, ਘੇਤਗਧਾ ਟਧਾਗੇਨ ਤਿਕ-ਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾਕਿਨਾ ।
ਕੇਤਕਤਾ ਟਤਾਕੇਨ ਤਿਕ-ਤਾ ਟਤਾਕੇਨ, ਕੇਤਕਤਾ ਟਤਾਕੇਨ ਤਿਕ-ਤਾ ਟਤਾਕੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕਤਿਰ ਕਿਟਧਾੜਾ ਘੇਘੇਨਗ ਧਿਨਾਗਿਨਾ ॥

**ਬੰਧ # 5**

ਤਿਕ-ਧਾ ਟਧਾਗੇਨ ਤਿਕ-ਧਾ ਟਧਾਗੇਨ, ਘੇਤਗਧਾ ਟਧਾਗੇਨ ਘੇਤਗਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕਤਿਰ ਕਿਟਧਾੜਾ ਘੇਘੇਨਗ ਤਿਨਾਕਿਨਾ ।
ਤਿਕ-ਤਾ ਟਤਾਕੇਨ ਤਿਕ-ਤਾ ਟਤਾਕੇਨ, ਕੇਤਕਤਾ ਟਤਾਕੇਨ ਕੇਤਕਤਾ ਟਤਾਕੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

**ਬੰਧ # 6**

ਤਿਕ-ਧਾ ਟਧਾਗੇਨ ਘੇਤਗਧਾ ਟਧਾਗੇਨ, ਤਿਕ-ਧਾ ਟਧਾਗੇਨ ਘੇਤਗਧਾ ਟਧਾਗੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾਕਿਨਾ ।
ਤਿਕ-ਤਾ ਟਤਾਕੇਨ ਕੇਤਕਤਾ ਟਤਾਕੇਨ, ਤਿਕ-ਤਾ ਟਤਾਕੇਨ ਕੇਤਕਤਾ ਟਤਾਕੇਨ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

**ਬੰਧ # 7**

ਘੇਤਗਧਾ ਟਧਾਗੇਨ ਘਿਨਾਨਗ ਘੇਤਗਧਾ, ਟਧਾਗੇਨ ਘਿਨਾਨਗ ਤਿਕਘੇਤ ਗਘੇਤਗ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾ ਕਿਨਾ।
ਕੇਤਕਤਾ ਟਤਾਕੇਨ ਕਿਨਾਨਕ ਕੇਤਕਤਾ, ਟਤਾਕੇਨ ਕਿਨਾਨਕ ਤਿਕਕੇਤ ਕਕੇਤਕ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

**ਬੰਧ # 8**

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਘੇਤਘੇਤ ਘੇਤਗਘੇ ਤਗਘੇਤ ਗਘੇਤਗ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਤਿਨਾਕਿਨਾ ।
ਕੇਤਕਕੇ ਤਕਤਾਟ ਤਾਕੇਨਤਾ ਟਤਾਕੇਨ, ਕੇਤਕੇਤ ਕੇਤਕਕੇ ਤਕਕੇਤ ਕਕੇਤਕ,
ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ, ਧਾਤਿਰਕਿਟਤਕ ਤਿਰਕਿਟਧਾੜਾ ਘੇਘੇਨਗ ਧਿਨਾਗਿਨਾ ॥

**ਮੁਕਾਮ ਕਾਇਦੇ ਦਾ (ਚਕਰਦਾਰ)**

ਘੇਤਗਘੇ ਤਗਧਾਟ ਧਾਗੇਨਧਾ ਟਧਾਗੇਨ ਧਾਤਿਰਕਿਟਤਕ ਤਿਰਕਿਟਧਾੜ ਧਾ- ਨਧਾ -ਨ ਧਾਕਿਟ ਧਾ-, ਘੇਤਗਘੇ
ਤਗਧਾਟ ਧਾਗੇਨਧਾ ਟਧਾਗੇਨ ਧਾਤਿਰਕਿਟਤਕ ਤਿਰਕਿਟਧਾੜ ਧਾ- ਨਧਾ -ਨ ਧਾਕਿਟ ਧਾ-, ਘੇਤਗਘੇ ਤਗਧਾਟ
ਧਾਗੇਨਧਾ ਟਧਾਗੇਨ ਧਾਤਿਰਕਿਟਤਕ ਤਿਰਕਿਟਧਾੜ ਧਾ- ਨਧਾ -ਨ ਧਾਕਿਟ । ਧਾ-

# 340, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ
ਜਿਲਾ: ਗੁਰਦਾਸਪੁਰ, ਪੰਜਾਬ (ਭਾਰਤ)
ਫੋਨ: +91-98143 49658
Mail: harbhajansinghdhariwal@gmail.com

RNI Regd. No. 46788/89 ISSN 0972-2335

www.alpoverseas.com

ALP OVERSEAS

# EPDM MAT
*For Life*

Anti-fungal, Anti-microbial & Non Toxic

UV Resistant

Excellent Floor Grip Property


Long Life

100% Biodegradable





## OUR OTHER PRODUCTS




**Corporate Office:** #32, Sector-18 HUDA, Gurgaon, Haryana - 122015

+91-124-4731500 marketing@alpoverseas.com

MAKE IN INDIA

आत्मनिर्भर भारत